It was in this festival that I came into contact with Satguru Jagjit Singh Ji and the way of life he stood for. A living example of godliness, he never preached, he always practised. The two languages he spoke through, were Silence and Kirtan. He either silently told his rosary or melodiously sang in praise of God. His was a Silence in which many people participated. For the first time in my life, I realised that Silence was the authentic language of God. I could hear God breathing over my shoulders, speaking to me in the innermost recesses of my mind, awakening in me a sense of a new Continent—a continent of unity and equality, a country where the same set of rules applied to all. It was for me an experience of a part meeting the whole. I seemed to be uttering to myself. A single moment of silence is more meaningful and more powerful than the competence of a thousand languages put had never experienced before.

People came pouring in. Men or Women, they were all clad in white. They worshipfully bowed to the Satguru and placed their humble offerings and found a place for them in the congreation of silent saints. The Satguru did not permit them to touch his feet. His divinity was felt, never imposed. They had shed differences, all personal angularities, all the petty bits of personal ego that engender meaningless bickerings and bring endless misery on mankind does not show off and excites no envy. Silence coupled with divine Presence is in itself a peak of excellence that does not need to be surpassed. I have, ever since, yearned for a way of life where divine silence regins supreme.

After the session of Silence, there was a session of Music. The Silence itself was an unstruck Melody, Kirtan preserved and perpetuated its purity. The Satguru himself was mastered the intricacies of the art of classical Indian Music and performs it with aplomp. My first contact with him was at a Musical conference in Delhi organised by his disciples and presided over by him. To this conference were called the topmost instrumentalists and vocalist of India. They were happy to have performed in the presence of a divine who understood the subtlest nuances of what they considered was a secular art. There were no speeches, no attempt to propagate a particular idealogy, but the uniterrupted presence of the Divine in all the sessions of the weak-long conference left no one in doubt that purest forms and styled of the classical Indian Music occupied a prominent place in the way of life that he wished his disciples to practise. The beauty of art has effortslessly slipped into the sublimity of a divine experience. The barriers between the secular and the spiritual had broken. Music is the language of God, so he appeared to suggest though not even once did he utter a single syllable in its favour. Music, like God, justifies its own existence and does not need an advocate in its favour. The Hola Mohalla in the United Kingdom was also an occasion for God to express Himself through musical Compositions. The Satguru himself played *Dilruba* and performed the most intricate of the *taanas* with effortless competence. Advanced in years, he sang with a youthful exuberance that surprised. I saw, an otherwise heavy-footed gentleman of many years breaking suddenly into a fit of ecstacy and dancing to the tunes of the Kirtan. Only *padas* (Verses) from Adi Guru Granth Sahib were sung, and, throughout, the highest norms of the Indian classical music were conformed to. Two of the accompanists, a *Tabla* player and a *Dilruba* player, were in their early teens and yet, each of them handled his instrument with a finesse that would do

credit to a maestro. The *Svara*, the *talia*, the *akaar* and the *bani* all joined together to create a heavenly atmosphere. The singers and players under the benign influence of the Satguru presented a perfect blend of beauty and sublimity. I learnt that the Satguru loved music no less than he loved God himself. He enlists the services of the top musicians of India to train a selected band of his disciples right since their early childhood. The accompanists had spent years to master their respective arts.

The festival of silence and Music in the service of God continued for more than a week. Although there was not the slightest attempt at indoctrinatmon. I had shed quite a few prejudices of my own. There were no discussio sessions, no formal classes, no formal initiation and yet I realised as if I had passed through an effective course of education. I have had some perception of the God without Rancour.



SRI Satguru Jagjit Singh Ji—His First Visit to Tanzania.



Sri Satguru Jagjit Singh Ji with Sangat of Dar es Salaam on His First visit.



Sri Satguru Ji with Arusha Sangat.



Sri Satguruji on his fourth visit.



Sri Satguruji at Sikh Temple—Dar es Salaam.




Sri Satguruji with official of Sikh Council of Tanzania.




Mata Chand Kaur Ji with Dar es Salaam Sangat.



Sri Satguruji—Distributing Langar.



Sri Satguru Jagjit Singh Ji with Late President of Kenya, Jomo Kenyatta.



Sri Satguruji Conversing with Namdhari Hockey Team.



Namdhari Hockey Team in action.



Sri Satguru Ji with Prime Minister of India, Rajiv Gandhi.




Late Subha Darshan Singh Ji with Pope in Nairobi.



Sri Satguru Ji with head priest Hazoor Sahib, Nanded, Mohi Joginder Singh.



Late Subha Darshan Singh with President of India, Giani Zail Singh.



Satguru Partap Singh Ji with "GULZAR" and award winning Cow of Namdhari Farms.



Sri Satguru Ji Participating in the Kar Seva of Ram Sarovar at Sri Bhaini Sahib.

ਗੁਰੂ ਗੋਬਿੰਦ ਸਿੰਘ ਜੀ

ਪ੍ਰਦੀਪ ਸਿੰਘ ਨਾਮਧਾਰੀ
ਪ੍ਰਧਾਨ ਸ: ਹਿ: ਨਾ: ਵਿ: ਜੱਥਾ।

ਕ਼ਾਦਰਿ ਹਰ ਕਾਰ ਗੁਰੂ ਗੋਬਿੰਦ ਸਿੰਘ ॥
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ ॥
ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ ॥
ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ ॥
ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ॥
ਸ਼ਾਹਿ ਸ਼ਾਹਨ ਸ਼ਾਹ ਗੁਰੂ ਗੋਬਿੰਦ ਸਿੰਘ ॥

(ਫ਼ਾਰਸੀ ਸਨਾ ਭਾ: ਨੰਦ ਲਾਲ ਜੀ)

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਜਦੋਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਉਸ ਵਕਤ ਆਪਣੇ ਇਸ ਧਰਤ ਤੇ ਆਉਣ ਦਾ ਅਤੇ ਇਥੇ ਆ ਕੇ ਮਿਸ਼ਨ ਦਾ ਜੋ ਐਲਾਨ ਕੀਤਾ ਉਹ ਬਚਿਤ੍ਰ ਨਾਟਕ ਵਿਚ ਇਉਂ ਅੰਕਿਤ ਹੈ :—

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

(ਬਚਿਤ੍ਰ ਨਾਟਕ ਪਾ. ੧੦)

ਇਹੀ ਵਜ੍ਹਾ ਸੀ ਕਿ ਆਉਣ ਵਾਲੇ ਸਮੇਂ ਨੂੰ ਮੁੱਖ ਰਖਦਿਆਂ ਹੋਇਆਂ ਸਿੱਖਾਂ ਨੂੰ ਸਜੇਬੰਦ, ਸਭਕੇ, ਸ਼ਸਤ੍ਰਧਾਰੀ ਹੋਣ ਦਾ ਹੁਕਮ ਦਿਤਾ। ਦੇਸ਼ ਪ੍ਰਦੇਸ਼ ਦੇ ਸਿੱਖਾਂ ਨੂੰ ਹੁਕਮ ਭੇਜ ਦਿਤਾ ਕਿ ਮਾਇਆ ਦੇ ਨਾਲ, ਚੰਗੇ ਸ਼ਸਤ੍ਰ, ਵਧੀਆ ਨਸਲ ਦੇ ਘੋੜੇ ਭੇਜਣੇ। ਸਿੱਖਾਂ ਨੂੰ ਸੂਰਬੀਰ ਜੋਧੇ ਬਣਾਉਣ ਹਿੱਤ ਉਨ੍ਹਾਂ ਨੂੰ ਤੀਰ ਅੰਦਾਜ਼ੀ, ਨੇਜ਼ੇਬਾਜ਼ੀ ਤੇ ਜੰਗ ਯੁਧ ਦੇ ਹੋਰ ਕਰਤਬ ਸਿਖਾਏ।

ਸੰਮਤ ੧੭੫੬ ਦੀ ਵਿਸਾਖੀ ਨੂੰ ਜੋ ਪੰਜ ਪਿਆਰੇ ਸਜਾਉਣ ਦਾ ਕ੍ਰਿਸ਼ਮਾ ਕੀਤਾ ਉਸ ਦੀ ਮਿਸਾਲ ਦੁਨੀਆਂ 'ਚ ਕਿਧਰੇ ਨਹੀਂ ਮਿਲਦੀ। ਲੱਖਾਂ ਦੀ ਤਾਦਾਦ 'ਚੋਂ ਸਿਰ ਦੀ ਮੰਗ ਕਰਨ ਤੇ ਸਿਰਫ਼ ਪੰਜਾਂ ਦਾ ਨਿਤਰਨਾ ਇਸ ਗੱਲ ਦੀ ਗਵਾਹੀ ਹੈ ਕਿ ਇਕ ਖੁੱਲ੍ਹੀ ਸਟੇਜ ਤੇ ਇਨ੍ਹਾਂ ਪੰਜਾਂ ਦੇ ਸਿਰ ਕਤਲ ਕੀਤੇ ਅਤੇ ਫਿਰ ਧੜ ਕੱਟੀ ਤੇ ਸਿਰ ਕੱਟੀ ਜੋੜ ਕੇ, ਅੰਮ੍ਰਿਤ ਦੀ ਦਾਤ ਬਖਸ਼ ਕੇ ਪਿਆਰ ਕਰਨ ਤੇ ਇਕੋ ਭਾਈ ਬਣਾ ਕੇ, ਕੌਮੀਅਤ ਦੇ ਅਜਿਹੇ ਪਿਆਰ ਸੂਤਰ ਵਿਚ ਪ੍ਰੋਇਆ, ਜਿਨ੍ਹਾਂ ਦੀ ਸੰਗਠਤ ਸ਼ਕਤੀ ਨੇ ਭਾਰਤ ਦੀ ਕਾਇਆ ਪਲਟ ਕੇ ਰੱਖ ਦਿਤੀ। ਹਿੰਦੂਆਂ ਵਿਚੋਂ ਹੀ ਇਕ ਸ਼ਸਤ੍ਰਧਾਰੀ, ਜੋਧਾ ਦਲ ਕਾਇਮ ਕਰਕੇ ਉਸ ਦਾ ਨਾਂ "ਖਾਲਸਾ" ਗੁਰੂ ਕੀ ਫੌਜ ਰਖ ਦਿਤਾ ਜਿਸ ਨੂੰ ਹੁਕਮ ਸੀ :-

"ਧਰਮ ਚਲਾਵਨ ਸੰਤ ਉਬਾਰਨ
ਦੁਸਟ ਸਭਨ ਕੋ ਮੂਲ ਉਪਾਰਨ।"

ਜੇ ਕਦੀ ਅਜਿਹਾ ਨ ਹੋਇਆ ਹੁੰਦਾ ਤਾਂ ਫਿਰ ਐਸਾ ਸਮਾਂ ਹੋਣਾ ਸੀ ਜਿਸ ਬਾਰੇ ਭਾਈ ਸੰਤੋਖ ਸਿੰਘ ਜੀ 'ਸੂਰਜ ਪ੍ਰਕਾਸ਼' ਵਿਚ ਲਿਖਦੇ ਹਨ :—

"ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ,
ਧਾਇ ਜਾਤੀ ਕੁਚਲਤਾ ਕਤੇਬਨ ਕੁਰਾਨ ਕੀ।
ਪਾਪ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ,
ਵਰਨ ਗਰੱਕ ਜਾਤੇ, ਸਹਿਤ ਵਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ,

ਰੀਤ ਮਿਟ ਜਾਤੀ ਕਥਾ ਵੇਦ ਔ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਵਿਤ ਪਾਵਨੇ ਸੂਰ,
ਮੂਰਤੀ ਨਾ ਹੋਤੀ ਜੋ ਪੈ ਕਰੁਣਾ ਨਿਧਾਨ ਕੀ।"

ਇਹ ਕੋਈ ਗੁਝੀ ਛਿਪੀ ਗਲ ਨਹੀਂ ਸਗੋਂ ਸੂਰਜ ਵਾਂਗ ਪ੍ਰਕਾਸ਼ਵਾਨ ਤੇ ਰੋਸ਼ਨ ਹੈ

"ਜੰਗ ਹੋਮ ਹੋਵਨਾ ਕੋਈ ਹਿੰਦ ਮੇਂ ਨਾ ਮੂਲ ਪੜ੍ਹੋ,
ਢੂੰਡਤੇ ਨਿਸ਼ਾਨ ਨਾਹੀਂ ਆਜ ਹਿੰਦਵਾਨ ਕੇ।
ਕਹਿਤੇ ਹਰਨਾਮ ਸਿੰਘ ਏਕ ਜੋ ਨਾ ਫੂਟ ਜਾਤੇ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜੁਆਨ ਕੇ।"

ਭਾਈ ਹਰਨਾਮ ਸਿੰਘ 'ਸਚੀ ਮੁਹੱਬਤ

ਅਤੇ ਇਹ ਸੱਚ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿਖਾਂ ਅੰਦਰ ਐਸੀ ਰੂਹ ਭਰ ਦਿਤੀ ਕਿ।

ਸਵਾ ਲਾਖ ਸੇ ਏਕ ਲੜਾਊਂ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ

ਇਕ ਸਿਖ ਜ਼ੁਲਮ ਦੇ ਖਿਲਾਫ ਜੋ ਉਠ-ਖਲੋਂਦਾ ਹੈ ਤਾਂ ਸਤਿਗੁਰੂ ਜੀ ਉਸਦੀ ਸਹਾਇਤਾ ਆਪ ਕਰਦੇ ਹਨ। ਸਿਖ ਵੀ ਉਹ ਹੋਵੇ ਜਿਹੜਾ ਰਹਿਤ-ਬਹਿਤ, ਸੁੱਚ-ਸੰਜਮ ਤੇ ਪਹਿਰਾ ਦੇਣ ਵਾਲਾ ਹੋਵੇ ਨਹੀਂ ਤਾਂ ਹੁਕਮ ਹੈ :—

"ਜਾਕੀ ਰਹਿਤ ਨਾ ਜਾਣੀਐ ਗੁਰ ਮੰਤ੍ਰ ਨਹੀਂ ਚੀਤ।
ਤਾਕਾ ਭੋਜਨ ਖਾਇਕੇ ਵਿਸਰੇ ਹਰਿ ਸਿਉ ਪ੍ਰੀਤ।"
"ਜਹਾਂ ਕਹਾਂ ਕਾ ਛਕੈ ਪ੍ਰਸਾਦਿ॥
ਸਿਖ ਨਹੀਂ ਮੇਰਾ ਆਦਿ ਜੁਗਾਦਿ॥"

ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਹੁਕਮਾਂ :—

"ਰਹਿਣੀ ਰਹੈ ਸੋਈ ਸਿਖ ਮੇਰਾ॥
ਓ ਸਾਹਿਬ ਮੈਂ ਉਸ ਕਾ ਚੇਰਾ॥"

ਤਥਾ "ਰਹਿਤ ਪਿਆਰੀ ਮੋਹਿ ਕੋ,
ਸਿਖ ਪਿਆਰਾ ਨਾਹਿ।" ਅਨੁਸਾਰ

ਪੂਰੱਕ ਹੋ ਚੁਕੇ ਸਿਖ ਦੀ ਨਿਗ੍ਹਾ ਗੁਰੂ ਗੋਬਿੰਦ ਸਿੰਘ ਜੀ ਕਥਨੁਸਾਰ ਹੀ ਹੋ ਜਾਂਦੀ ਹੈ :—

"ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥
ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਮਨਾਉਣ ਦਾ ਅਸਲ ਮਨੋਰਥ ਹੀ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੇ ਹੁਕਮਾਂ ਤੇ ਚਲੀਏ, ਉਨ੍ਹਾਂ ਦੇ ਦਸੇ ਹੋਏ ਮਾਰਗ ਤੇ ਤੁਰੀਏ। ਪੰਜ ਕਕਾਰੀ ਦਾ ਧਾਰਨੀ ਹੋਣਾ, ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰ ਨਾਮ ਸਿਮਰਨ ਕਰਨਾ, ਸੂਰਜ ਚੜ੍ਹਣ ਤੇ ਗੁਰਬਾਣੀ ਦਾ ਪਾਠ ਨਿਤਨੇਮ ਅਨੁਸਾਰ ਕਰਨਾ, ਸੱਚ ਤੇ ਸੁੱਚ ਦੀ ਕਿਰਤ ਕਰਨੀ, ਵੰਡ ਛਕਣਾ, ਮੰਦਾ ਨਹੀਂ ਬੋਲਣਾ, ਸਭ ਧਰਮਾਂ ਦਾ ਆਦਰ ਸਤਿਕਾਰ ਕਰਨਾ, ਕਿਸੇ ਦੀ ਨਿੰਦਿਆ, ਚੁਗਲੀ, ਬਖੀਲੀ ਨਹੀਂ ਕਰਨੀ, ਹਰ ਵਕਤ ਭਲਾ ਹੀ ਕਰਨਾ, ਭਲਾ ਹੀ ਲੋਚਣਾ। ਖਾਲਸਾ ਤਾਂ ਭਾਈ ਨੰਦ ਲਾਲ ਜੀ ਦੀਆਂ ਨਜ਼ਰਾਂ ਵਿਚ ਇਉਂ ਦਾ ਹੋਣਾ ਚਾਹੀਦਾ ਹੈ :—

"ਕਰੈ ਬਚਨ ਜੋ, ਪਾਲੈ ਨਾ ਹੀ॥
ਗੋਬਿੰਦ ਸਿੰਘ ਤਿਸ ਠੌਰਨ ਆਹੀ॥
ਖਾਲਸਾ ਸੋਇ, ਜੁ ਨਿੰਦਾ ਤਿਆਗੇ।
ਖਾਲਸਾ ਸੋਇ, ਲੜੇ ਹੋ ਆਗੇ॥
ਖਾਲਸਾ ਸੋ, ਪਰਦ੍ਰਿਸ਼ਟ ਤਿਆਗੇ।
ਖਾਲਸਾ ਸੋਇ, ਨਾਮ ਰਤ ਲਾਗੇ।
ਖਾਲਸਾ ਸੋਇ, ਗੁਰੂ ਹਿਤ ਲਾਵੈ।
ਖਾਲਸਾ ਸੋਇ ਸਾਰ ਮੁਹਿ ਖਾਵੈ॥
ਖਾਲਸਾ ਸੋ, ਨਿਰਧਨ ਕੋ ਪਾਲੈ।
ਖਾਲਸਾ ਸੋਇ ਦੁਸ਼ਟ ਕੋ ਗਾਲੈ॥
ਖਲਕ ਖਾਲਿਕ ਕੀ ਜਾਣ ਕੈ,
ਖਲਕ ਦੁਖਾਵੈ ਨਾਹਿ॥
ਖਲਕ ਦੁਖੇ ਨੰਦ ਲਾਲ ਜੀ,
ਖਾਲਕ ਕੋਪੈ ਤਾਹਿ॥

—o—

ਹੋਲਾ ਮਹੱਲਾ

ਮਾ: ਨਿਹਾਲ ਸਿੰਘ ਜੀ
ਪ੍ਰਧਾਨ ਨਾਮਧਾਰੀ ਦਰਬਾਰ

ਹੋਲਾ ਮਹੱਲਾ ਸੱਚ ਦੀ ਜੈ ਤੇ ਝੂਠ ਦੀ ਖੈ ਦਾ ਤਿਉਹਾਰ ਹੈ । ਅੱਜ ਤੋਂ ਸਦੀਆਂ ਪਹਿਲਾਂ ਹਰਨਾਖਸ਼, ਜਿਸਨੂੰ ਹਰਨਕਿਸ਼ਪ ਵੀ ਗ੍ਰੰਥਾਂ ਵਿਚ ਲਿਖਿਆ ਹੈ, ਰਾਜਾ ਹੋਇਆ ਹੈ, ਜਿਹੜਾ ਪਹਿਲੇ ਜਨਮ ਵਿਚ ਭਗਵਾਨ ਦੀ ਭਗਤੀ ਕਰਕੇ ਭਗਵਾਨ ਦੀਆਂ ਖੁਸ਼ੀਆਂ ਲੈ, ਜਨਮਧਾਰ ਭਗਵਾਨ ਨਾਲ ਹੀ ਆਢਾ ਲਾ ਬੈਠਾ ਸੀ। ਜਿਹੜਾ ਆਪ ਹੀ ਭਗਵਾਨ ਬਣ ਬੈਠਾ ਸੀ, ਜਿਸਨੇ ਭਗਵਾਨ ਵਲ ਜਾਣ ਵਾਲੇ ਸਾਰੇ ਰਾਹ ਬੰਦ ਕਰ ਦਿਤੇ ਸਨ ਤੇ ਬਜਾਏ ਭਗਵਾਨ ਦੇ ਆਪਣੇ ਨਾਉਂ ਦਾ ਰਟਨ ਕਰਾਉਣ ਲਗ ਪਿਆ ਸੀ, ਉਸਦੀ ਬੁਰੀ ਤਰ੍ਹਾਂ ਹਾਰ ਹੋਈ । ਉਸਦੇ ਘਰ ਵਿਚ ਹੀ ਪ੍ਰਹਿਲਾਦ ਪੈਦਾ ਹੋ ਗਿਆ, ਜਿਸ ਨੇ ਹੰਕਾਰੀ ਪਿਉ ਦੇ ਵਿਰੁਧ ਬਗਾਵਤ ਦਾ ਝੰਡਾ ਖੜ੍ਹਾ ਕਰ ਦਿਤਾ ਅਤੇ ਅੰਤ ਹੰਕਾਰੀ ਨੂੰ ਚਾਰੋਂ ਸਾਨੇ ਚਿਤ ਗਿਰਾਇਆ । ਹਰਨਾਕਸ਼ ਕਹੇ ਮੈਂ ਸੰਸਾਰ ਦਾ ਮਾਲਿਕ ਹਾਂ; ਪ੍ਰਹਿਲਾਦ ਕਹੇ ਨਹੀਂ ਰਬ ਮਾਲਕ ਹੈ । ਭਗਤ ਨੂੰ ਉਸਦੇ ਇਰਾਦੇ ਤੋਂ ਡੇਗਣ ਖਾਤਰ ਹਰਨਾਕਸ਼ ਨੇ ਪਰਬਤ ਤੋਂ ਸੁਟਿਆ ਪਰ ਭਗਵਾਨ ਦੀ ਕਿਰਪਾ ਨਾਲ ਪਥਰ ਫੁਲ ਬਣ ਗਏ । ਪ੍ਰਹਿਲਾਦ ਨੂੰ ਸਮੁੰਦਰ ਵਿਚ ਡੋਬਣ ਦਾ ਜਤਨ ਕੀਤਾ, ਪਰ ਲਹਿਰਾਂ ਮਖਮਲੀ ਸੇਜਾਂ ਬਣ ਗਈਆਂ । ਅੰਤ ਹਰਨਾਕਸ਼ ਦੀ ਭੈਣ, ਹੋਲਕਾ, ਜਿਸ ਨਾ ਸੜਨ ਦੇ ਵਰ ਪ੍ਰਾਪਤ ਕੀਤੇ ਹੋਏ ਸਨ ਉਹ ਅਗੋਂ ਆਈ ਤੇ ਅਗ ਵਿਚ ਸੜਨ ਦੀ ਗੋਂਦ ਗੁੰਦੀ, ਪਰ ਬੰਦਾ ਬੰਦਾ ਹੈ ਤੇ ਭਗਵਾਨ ਭਗਵਾਨ । ਉਹ ਵਰ ਵੀ ਦੇ ਦੇਂਦਾ ਹੈ, ਪਰ ਵਰਾਂ ਨੂੰ ਕਟਣ ਦੀਆਂ ਜੁਗਤੀਆਂ ਵੀ ਕਢ ਲੈਂਦਾ ਹੈ । ਉਸ ਭੈੜੇ ਕੁਟਣ ਨੇ ਕਹਿਆ ਇਹ ਤਾ ਗਲ ਵੀ ਮਾਮੂਲੀ ਏ ਮੈਂ ਘੜੀਆਂ ਪਲਾਂ ਵਿਚ ਸੁਆਹ ਕਰ ਦੇਂਦੀ ਹਾਂ । ਲਕੜਾਂ ਦਾ ਢੇਰ ਲਾਇਆ ਗਇਆ, ਹੋਲਕਾ ਪਾਪਣ, ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਬੈਠ ਗਈ ਅਗ ਚਮਕਾ ਦਿਤੀ ਗਈ । ਆਨਨ ਫਾਨਨ ਵਿਚ ਲਪਟਾਂ ਨਿਕਲਣੀਆਂ ਸ਼ੁਰੂ ਹੋ ਗਈਆਂ, ਪਰ ਜਿਸ ਵਲ ਭਗਵਾਨ ਹੋਵੇ ਉਸਤੇ ਕੋਈ ਸ਼ਸਤਰ ਵਾਰ ਨਹੀਂ ਕਰ ਸਕਦਾ, ਸਗੋਂ ਉਸ ਵਲ ਛਡੇ ਅਸਤਰ, ਸ਼ਸਤਰ ਸਭ ਭਗਤ ਦੀ ਸਹਾਇਤਾ ਕਰਦੇ ਹਨ । ਨਤੀਜਾ ਉਹੀ ਨਿਕਲਿਆ ਹੋਲਕਾ ਸੜ ਕੇ ਸੁਆਹ ਹੋ ਗਈ, ਤੇ ਪ੍ਰਹਿਲਾਦ ਨਵਾਂ ਨਰੋਆ । ਭਗਤ ਦੀ ਜਿਤ ਤੇ ਜੈ ਜੈ ਕਾਰ ਹੋਈ ਤੇ ਪਾਪਣ ਹੋਲਕਾ ਦੀ ਲੋਕਾਂ ਸੁਆਹ ਵੀ ਉਡਾ ਦਿਤੀ । ਉਸ ਦਿਨ ਤੋਂ ਹੋਲੀ ਮਨਾਈ ਜਾਣ ਲਗ ਪਈ । ਦੇਵਤੇ ਖੁਸ਼ੀਆਂ ਦੇ ਨਾਚ ਨਚਣੇ ਸ਼ੁਰੂ ਕਰ ਦਿਤੇ । ਇਹ ਦਿਨ ਖੁਸ਼ੀਆਂ ਮਲ੍ਹਾਰਾਂ ਨਾਲ ਮਨਾਇਆ ਜਾਣ ਲਗ ਪਇਆ ।

ਇਸੇ ਦਿਨ ਨੂੰ ਭਗਵਾਨ ਕ੍ਰਿਸ਼ਨ ਜੀ ਦੇ ਮਨਾਏ ਜਾਣ ਦਾ ਵਰਨਣ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਹੈ। ਭਗਵਾਨ ਗੋਪੀਆ ਨਾਲ ਰਾਸਾਂ ਰਚਾਂਦੇ ਸਨ। ਉਨ੍ਹਾਂ ਦੀ ਖੇਡ ਨੂੰ ਦਸਮੇਸ਼ ਪਿਤਾ ਦਸਮੇ ਗ੍ਰੰਥ ਵਿਚ ਇਉਂ ਨਿਰੂਪਣ ਕੀਤਾ ਹੈ ।

ਮਾਘ ਬਿਤੀਤ ਭਏ ਰੁਤ ਫਾਗਨ,
ਆਇ ਗਈ ਸਭ ਖੇਲਤ ਹੋਰੀ ।
ਗਾਵਤ ਗੀਤ ਬਜਾਵਤ ਤਾਲ,
ਕਹੈ ਮੁਖ ਤੇ ਭੜੂਆ ਮਿਲ ਜੋਰੀ ।
ਡਾਰਤ ਹੈ ਅਲਿਤਾ ਬਨਿਤਾ,
ਛਟਕਾ ਸੰਗ ਮਾਰਤ ਕੇਸਰ ਘੋਰੀ ।
ਖੇਲਤ ਸਯਾਮ ਧਮਾਰ ਅਨੂਪ,
ਮਹਾ ਮਿਲ ਸੁੰਦਰ ਸਾਂਵਲ ਗੋਰੀ ।

ਪਰ ਇਸ ਤਿਉਹਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਨਵਾਂ ਰੂਪ ਦਿਤਾ । ਉਹ ਦੱਬੀ ਕੌਮ ਨੂੰ ਉਠਾਣਾ ਚਾਹੁੰਦੇ ਸਨ

ਉਹ ਚਿੜੀਆਂ ਤੋਂ ਬਾਜਾਂ ਨੂੰ ਤੁੜਾਨਾ ਚਾਹੁੰਦੇ ਸਨ, ਉਹ ਗਿਦੜਾਂ ਤੋਂ ਸ਼ੇਰ ਨੂੰ ਭਜਾਣਾਂ ਲੋਚਦੇ ਸਨ ਉਨ੍ਹਾਂ ਹਰ ਵਸਤੂ ਨੂੰ ਨਵਾਂ ਰੂਪ ਦਿਤਾ । ਕਹਿਣੀ ਨੂੰ ਨਵਾਂ ਰੂਪ ਬਖਸ਼ਿਆਂ, ਕਹਿਣੀ ਨੂੰ ਨਵਾਂ ਢੰਗ ਚਾੜ੍ਹਿਆਂ, ਉਨ੍ਹਾਂ ਕਹਿਣੀ ਵਿਚ ਬੋਲਬਾਲਾ ਵਖਾਇਆ ਉਸੇ ਤੌਂ ਵਿਚ ਹੋਲੀ ਨੂੰ ਹੋਲੇ ਵਿਚ ਬਦਲ ਦਿਤਾ । ਹੋਲੇ ਦਾ ਭਾਵ ਹੈ, ਜਾਏ ਪਹਲ , ਥਾਂਵ ਹਲਾ ਕਰਨ ਦੀ ਥਾਂ । ਸੱਚੇ ਪਾਤਸ਼ਾਹ ਸਿੰਘਾਂ ਵਿਚ ਬੀਰ ਰੌਂਸ ਪੈਦਾ ਕਰਨ ਖਾਤਰ, ਬਨਾਵਟੀ ਯੁਧ ਰਚਾਂਦੇ । ਸਿੰਘਾਂ ਨੂੰ ਦੋ ਟੋਲੀਆਂ ਵਿਚ ਵੰਡਦੇ, ਹਲੇ ਦੀ ਥਾਂ ਚੁਣਦੇ ਤੇ ਹਲੇ ਦਾ ਹੁਕਮ ਦੇਂਦੇ । ਜਿਹੜੀ ਟੋਲੀ ਲੜ ਮੁੜ ਥਾਂ ਤੇ ਕਬਜ਼ਾ ਕਰ ਲੈਂਦੀ ਬਸ ਉਸ ਵਾਸਤੇ ਖੁਸ਼ੀਆਂ ਦੇ ਖਜ਼ਾਨੇ । ਇਸੇ ਢੰਗ ਨਾਲ ਹੋਲੇ ਵਾਲੇ ਦਿਨ ਪਿਚਕਾਰੀਆਂ ਭਰਦੇ ਗੁਲਾਲ ਉਡਾਂਦੇ । ਸੂਰਮਿਆਂ ਨਾਲ ਖਹਿੰਦੇ ਸੂਰਮਿਆਂ ਨੂੰ ਢਾਹੁੰਦੇ । ਸੂਰਮਿਆਂ ਤੋਂ ਢਹਿੰਦੇ । ਚੌਪਾਸੀ ਰੰਗ ਹੀ ਰੰਗ ਵਖਾਈ ਦੇਂਦਾ । ਭਾਈ ਸੰਤੋਖ ਸਿੰਘ ਜੀ ਨੇ ਸਾਹਿਬਾਂ ਦੀ ਖੇਡ ਨੂੰ ਇਉਂ ਵਰਨਨ ਕੀਤਾ ਹੈ :

ਕਬਿਤ : ਸ੍ਰੀ ਗੋਬਿੰਦ ਸਿੰਘ ਕਰ ਹੋਰੀ ਕੇ ਖਿਲੰਦ ਸਾਜ,
ਹਾਥ ਪਿਚਕਾਰੀ ਸਭ ਹੂ ਕਰ ਲੀਨਿਓ ।
ਭਲੇ ਭਲੇ ਸਿੰਘ ਆਇ ਧਰਤਿ ਭਗਤ ਭਾਇ,
ਪ੍ਰਿਥਮ ਗੁਰੂ ਕੋ ਪਾਇ ਬੰਦ ਨਾ ਕੀਨਿਓਂ
ਉਡਯੋ ਏਕ ਬਾਰ ਹੀ ਗੁਲਾਲ ਲਾਲ ਘਟਾ ਮਾਨੋ
ਰੰਗਨ ਕੀ ਬੂੰਦ ਬਰਖਤ ਇਮ ਚੀਨਿਓਂ
ਰੰਗਦਾਰ ਅੰਬਰ ਕੋ, ਰੰਗਦਾਰ ਅੰਬਰ ਕੋ
ਮੂਠ ਭਰ ਮਾਰੇ ਰੰਗ, ਭਾਰਤ ਨਵੀਨਿਓ-੮

ਸ੍ਵਯਾ : ਬਿਦ ਗੁਲਾਲ ਅੰਬੀਰ ਉਡੈ,
ਕਹਿ ਕੇਸਰ ਕੀ ਕਿਰਦੀ ਪਿਚਕਾਰੀ
ਸੰਗਤ ਸ੍ਰੀ ਗੁਰ ਪੈ ਅਲਤਾ
ਕਰਕ ਭਰ ਡਾਰਤ ਪੂਰਬ ਵਾਰੀ
ਆਪਸ ਮੈਂ ਪੁਨ ਖੇਲਤਿ ਹੈਂ,
ਪਟ ਲਾਲ ਭਏ ਸਭ ਕੇ ਇਕ ਸਾਰੀ
ਧੰਨ ਗੁਰੂ ਸਿਖ ਕੀਨ ਨਿਹਾਲ,
ਕ੍ਰਿਪਾਲ ਬਿਸਾਲ ਸੁਨਾਇ ਉਚਾਰੀ ।

ਭਾਈ ਨੰਦ ਲਾਲ ਜੀ ਫਾਰਸੀ ਦੇ ਮਹਾਨ ਵਿਦਵਾਨ ਹੋਏ ਹਨ । ਉਹ ਕਲਗੀਧਰ ਪਿਤਾ ਨੂੰ ਖੰਡਾਂ ਬ੍ਰਹਿਮੰਡਾਂ ਦੇ ਮਾਲਿਕ ਸਮਝਦੇ ਸਨ ਤੇ ਕੇਵਲ ਸੰਸਾਰ ਦੀ ਸਹਾਇਤਾ ਵਾਸਤੇ ਆਇਆ ਮੰਨਦੇ ਸਨ ਉਨ੍ਹਾਂ ਨੇ ਸਾਹਿਬਾਂ ਦੇ ਜਲਾਲ ਦਾ ਇਉਂ ਨਕਸ਼ਾ ਉਲੀਕਿਆ ਹੈ :

ਦੀਨ ਦੁਨੀਆਂ ਦਰ ਕਮੰਦੇ ਆਂ ਪਰੀ ਰੁਖਸਾਰੇ ਮਾਂ
ਹਰ ਦੋ ਆਲਮ ਕੀਮਤੇ ਯਕ ਤਾਰ ਮੂਏ ਯਾਰੇ ਮਾਂ ।

ਭਾਵ : ਦੀਨ ਦੁਨੀਆਂ ਹਨ ਦੋਵੇਂ ਬੰਧੇ ਅੰਦਰ ਜੁਲਫ਼ ਪਿਆਰੇ । ਇੱਕ ਇੱਕ ਕੇਸ ਗੁਰਾਂ ਦੇ ਉਤੋਂ ਮੈਂ ਦੋਵੇਂ ਆਲਿਮ ਵਾਰੇ । ਉਨ੍ਹਾਂ ਵੀ ਸਾਹਿਬਾਂ ਦੀ ਖੇਡ ਦਾ ਫਾਰਸੀ ਸ਼ਬਦਾਂ ਵਿਚ ਇਕ ਰੰਗ ਬੰਨਿਆ ਹੈ ।

ਗੁਲੇ ਹੋਲੀ ਬਬਾਗੇ ਦਹਰ ਬਿਸ਼ਗੁਫਤ
ਲਬੇ ਚੂੰ ਗੁੰਚਹ ਖ਼ੁ ਫਰਖੰਦ ਕਰਦ
ਗੁਲਾਬੋ ਅੰਬਰੋ ਮੁਸਕੋ ਅੰਬੀਰੋ
ਚੂੰ ਬਾਰ ਬਾਰ ਮੈਂ ਅਜ ਸੂ ਬਸੂਇ ਕਰਦ
ਗੁਲਾਲ ਅਫਸ਼ਾਨੀਏ ਦਸਤੇ ਮੁਬਾਰਕ
ਜ਼ਮੀਨੋ ਆਸਮਾਂ ਰਾ ਸੁਰਖ ਰੂ ਕਰਦ ।
ਦੋ ਆਲਮ ਗਸ਼ਤ ਰੰਗੀਨ ਅਜ਼ ਤੁਫੈਲਸ਼
ਚੂੰ ਸ਼ਾਹਿ ਜੁਹਾਂ ਮਰ ਰੰਗੀ-ਦਰ ਗੁਲੂ ਕਰਦ ।

ਭਾਵ : ਸਾਹਿਬਾਂ ਦੀ ਖੇਡ ਨਾਲ ਚਮਨੇ ਤੇ ਹੋਲੀ ਦੇ ਫੁਲ ਖਿੜ ਪਏ, ਕਲੀਆਂ ਹਸ ਪਈਆਂ, ਜ਼ਮੀਨ ਅਸਮਾਨ ਗੁਲਾਬ ਗੁਲਾਬ ਹੋ ਗਏ । ਇਉਂ ਭਾਸਦਾ ਸੀ ਜਿਵੇਂ, ਹਜ਼ੂਰ ਦੇ ਪਵਿਤਰ ਕਰ ਕਮਲਾਂ ਨਾਲ ਅਸਮਾਨ ਦੇ ਫੁਲ ਖਿੜ ਪਏ ਹਨ । ਜ਼ਮੀਨ ਤੇ ਅਸਮਾਨ ਲਾਲੋ ਲਾਲ ਹੋ ਚਮਕੇ ਹਨ, ਇਥੇ ਹੀ ਬਸ ਨਹੀਂ ਦੋਵੇਂ ਆਲਮ ਹੀ ਰੰਗ ਰੰਗ ਹੋ ਨਿਖਰੇ ਹਨ ।

ਇਹ ਖੇਡਾਂ ੧੭੫੭ ਬਿ: ਦੀਆਂ ਹਨ । ਉਸ ਤੋਂ ਉਪ੍ਰੰਤ ਇਕ ਉਥਲ ਪੁਥਲ ਹੋਈ । ਮਾਰੂ ਬਖ਼ਤ ਵੀ ਕੁਲੇ ਮੌਜਾਂ ਵੀ ਆਈਆਂ ਪਰ ਦੁਰਭਾਗ ਮੁੜ ਪੰਜਾਬ ਗੁਲਾਮੀ ਦੇ ਕੋੜਿਆਂ ਵਿਚ ਜਾ ਫਸਿਆ । ਹਣ ਗੁਰੂ ਗੋਬਿੰਦ ਸਿੰਘ ਨੇ ਗੁਰੂ ਰਾਮ ਸਿੰਘ ਦਾ ਰੂਪ ਧਾਰਿਆ ਤੇ ਧਰਮ ਤੇ ਸੁਤੰਤਰਤਾ ਖਾਤਰ ਦੇਸ਼ ਵਿਚ ਮੁੜ ਖੇਡ ਵੇਖਣੀ ਚਾਹੀ । ਖਾਲਸਈ ਸ਼ਾਨ ਨੂੰ ਚਮਕਾਉਣ ਦਾ ਬੀੜਾ ਚੁੱਕਿਆ । ਧਰਮ ਦੀ ਧਜਾ ਨੂੰ ਉਚੇਰਾ ਕਰਨ ਵਾਸਤੇ ਇਕ ਹੋ ਦੇਸ਼ ਨੂੰ ਲਲਕਾਰ ਦਿਤੀ । ਨਾਮ, ਬਾਣੀ, ਸੁਚ, ਸੰਧ ਇਸਤਰੀਆਂ ਦੇ ਜੀਵਨ ਨਵਾਂ ਮੋੜ ਬਖਸ਼ਿਆ । ਗਊ ਤੇ ਗਰੀਬਾਂ ਨੂੰ ਉਭਾਰਣ ਵਾਸਤੇ ਦੇਸ਼ ਦਾ

ਦੰਗਾ ਕੀਤਾ । ਹੋਲੇ ਦੇ ਤਿਉਹਾਰ ਨੂੰ ਮੁੜ ਤਾਜ਼ਾ ਕੀਤਾ । ਸੱਚੇ ਪਾਤਸ਼ਾਹ ਦੇ ਹੋਲੇ ਨੂੰ ਮਨਾਉਣ ਦੇ ਦੋ ਆਦੇਸ਼ ਸਨ । ਇਕ ਸੀ ਦਸਵੇਂ ਪਾਤਸ਼ਾਹ ਵਾਲੀ ਪ੍ਰੰਪਰਾ ਨੂੰ ਸੁਰਜੀਤ ਕਰਨਾ ਤੇ ਦੂਸਰੀ ਸੀ ਗੁਰੂ ਬਾਲਕ ਸਿੰਘ ਜੀ ਦਾ ਪ੍ਰਾਦਰ ਭਾਵ ਮਨਾਣਾਂ । ਗਰੀਬ ਨਿਵਾਜ਼ ਜੀ ਨੇ ਹਰ ਪੁਰਬ ਨੂੰ ਬੜੀ ਸੱਜ ਧੱਜ ਨਾਲ ਮਨਾਇਆ । ਆਪ ਜੀ ਨੇ ਦੋ ਹੋਲੇ ਅਨੰਦ ਪੁਰ ਸਾਹਿਬ ਮਨਾਏ । ਭਾਵੇਂ ਸਰਕਾਰ ਅੰਗਰੇਜ਼ੀ ਵਲੋਂ ਰੋਕ ਸੀ ਪਰ ਆਪ ਉਸ ਹੁਕਮ ਦੀ ਪ੍ਰਵਾਹ ਨ ਕਰਦਿਆਂ ਸੰਗਤਾਂ ਪ੍ਰਤੀ ਹੁਕਮ-ਨਾਮੇ ਜਾਰੀ ਕਰ ਸਦ ਭੇਜਿਆ । ਚੌਂ ਪਾਸਿਆਂ ਤੋਂ ਸੰਗਤਾਂ ਢੋਲਕੀ ਛੈਣਿਆਂ ਦੀਆਂ ਗੂੰਜਾਂ ਘਤ ਦੀਆਂ ਪੁਜੀਆਂ ਸੰਤ ਭਗਤ ਸਿੰਘ ਦਾਤੇ ਵਾਲ ਜੀ ਉਨ੍ਹਾਂ ਦਿਨਾਂ ਦੀ ਯਾਦ ਦਵਾਉਂਦਿਆਂ ਬੜੇ ਰੰਗ ਵਿਚ ਸੰਗਤਾਂ ਨੂੰ ਸੁਣਾਇਆ ਕਰਦੇ ਸਨ :

ਹੋਲਾ ਖੇਡਣ ਕੇਸਾ ਧਾਰੀ, ਹੋਲਾ ਖੇਡਣ ਜੀ,
ਭੂਲ ਹਰੀ ਕੇ ਹਰਿ ਜੀ ਹਾਂ, ਦਰਸ਼ਨ ਅੰਮ੍ਰਿਤਸਰ ਜੀ ਜਾਂ
ਹੋਲਾ ਖੇਡਣ ਕੇਸਾ ਧਾਰੀ......

ਅਨੰਦ ਪੁਰ ਦੇ ਹੋਲੇ ਦਾ ਜ਼ਿਕਰ, ਸੰਤ ਗਿਆਨ ਸਿੰਘ ਜੀ ਨੇ ਗੁਰ ਬਿਲਾਸ ਨਾਮੀ ਗ੍ਰੰਥ ਵਿਚ ਕੀਤਾ ਹੈ :

ਕਬਿਤ : ਆਬਦਾਰ ਪੋਸਜ, ਮਹਤਾਬ ਸਮ ਉਜਲ ਸਜਾਇਕੈ
ਸੁਰਥਗੁਰ ਬੈਠੇ ਸੁਰ ਰਾਇ ਹੈ
ਅਤਰ ਗੁਲਾਬ ਕੁੰਕੂ ਮਲੈ ਕੇ ਸਿਤਾਬ ਸਿੰਘ
ਮਹਿਤ ਅਦਾਬ ਜਾਇ ਉਪਰ ਛਿਰਕਾਇ ਹੈ
ਕੇਤੇ ਕ੍ਰਿਸਨ ਬਾਬ ਦੇ ਸੋ ਜਾਹ ਰਾਮ ਪਾਇ ਹੈ
ਮਾਝਾ, ਮਲਵੰਈ ਮੋਨ ਦੋਆਬ ਔ ਦੁਆਬ ਵਾਸੀ
ਭਾਵ ਰਹੀ ਸੰਗਤਾ ਗੁਰੂ ਰਾਮ ਸਿੰਘ ਰਾਇ ਹੈ । ੪੪ ।
ਗ੍ਰਾਮ ਦਸਮੇਸ਼ ਕੋ ਵਿਸ਼ੇਸ਼ ਸੋ ਅਨੰਦ ਪੁਰ
ਸਾਚੋ ਹੀ ਅਨੰਦ ਪੁਰੋ ਜਾਮੇ ਦ੍ਰਿਸ਼ਟਾਇ ਹੈ
ਉਡਤ ਬਿਸਾਲ ਜੋ ਗੁਲਾਲ ਲਾਲ ਅਲਤਾਜੇ,
ਹੋਵਤ ਨਿਹਾਲ ਸਿੰਘ ਦੇਖ ਦੇਖ ਜਾਇ ਹੈ ।
ਉਜਲ ਪੁਸ਼ਾਕੋ ਛੈਲ ਬਾਕ ਪਹਿਰ ਆਵੈ
ਡਰਵਾਵੈ ਰੰਗ ਲਾਲ ਤਾਂਹਿ ਲਾਲ ਮਨ ਭਾਇ ਹੈ
ਕੇਸਾ ਧ ਰੀ ਖਲ ਹਲਾ ਵਕਤ ਅੱਲਾ ਸੂਤ
ਗਿਆਨ ਸਿੰਘ ਰੱਲੋ ਭੀਕੋ, ਸਦਾ ਜਸ ਗਾਇ ਹੈ । ੪੫॥

ਜਿਨ੍ਹ ਭਾਗਾਂ ਵਾਲਿਆਂ ਉਹ ਨਜ਼ਾਰਾ ਵੇਖਿਆ ਸੀ, ਉਹ ਦਸਣ ਲਗਿਆਂ ਰੰਗ ਵਿਚ ਹੋ ਜਾਂਦੇ ਸਨ । ਕੂਕੇ ਸਿੰਘਾਂ ਨੂੰ ਹੋਲਾ ਖੇਡਦਿਆਂ ਵੇਖ ਨਿਹੰਗ ਵੀ ਆ ਸ਼ਾਮਲ ਹੋਏ । ਉਡਨੇ ਨੂੰ ਘਟਾਉਣੀ, ਪੌਣ ਰੁਮਕੀ ਮੁੜ ਤੇਜ਼ ਹੋ ਗਈ । ਇਸ ਪੌਣ ਵੀ ਸਿੰਘਾਂ ਦੀ ਮਦਦ ਕੀਤੀ । ਜਿਹੜਾ ਰੰਗ ਸਿੰਘ ਨਿਹੰਗਾਂ ਤੇ ਸੁਟਦੇ ਉਹ ਵੀ ਉਨ੍ਹਾਂ ਤੇ ਪੈਂਦਾ । ਜਿਹੜਾ ਪੂਰਾ ਜ਼ੋਰ ਲਾ ਨਿਹੰਗ ਸੁਟਦੇ, ਪੌਣ ਉਹ ਵੀ ਉਨ੍ਹਾਂ ਤੇ ਉਡਾ ਲੈ ਜਾਂਦੀ । ਸਾਰੀ ਧਰਤੀ ਹੋਲੇ ਦੀ ਰੰਗ ਹੋ ਗਈ ।

ਸੰਮਤ ੧੯੨੮ ਵਿਚ ਮਲੇਰ ਕੋਟਲੇ ਦਾ ਖੂਨੀ ਕਾਂਡ ਵਰਤਿਆ । ਸੱਚੇ ਪਾਤਸ਼ਾਹ ਪਰਦੇਸ ਚਲੇ ਗਏ । ਪੰਥ ਦਾ ਅੱਧ-ਟੁਟੇ ਜਹਾਜ਼ ਦੇ ਲੰਗਰ ਗੁਰੂ ਹਰੀ ਸਿੰਘ ਸੰਭਾਲੇ । ਕੂਕਿਆਂ ਤੇ ਤਾਸ਼ੜ ਤੋੜ ਹੱਲੇ ਹੋ ਰਹੇ ਸਨ । ਗੁਰੂ ਜੀ ਆਜ਼ਾਦੀ ਦੀ ਸ਼ਮਾਂ ਨੂੰ ਜਿਗਰ ਦਾ ਲਹੂ ਪਾ ਪਾ ਪ੍ਰਚੰਡ ਰਖਿਆ ਤੇ ਇਸ ਦੇ ਨਾਲ ਹੀ ਸਤਿਗੁਰੂ ਰਾਮ ਸਿੰਘ ਦੇ ਫੁਲਾਂ ਦੀ ਵਾੜੀ ਨੂੰ ਇਉਂ ਸੰਭਾਲੀ ਰਖਿਆ ਜਿਵੇਂ ਮੁਰਗੀ ਇਲਾਂ ਗਿਰਜਾਂ ਤੋਂ ਚੂਚਿਆਂ ਨੂੰ ਬਚਾਉਣ ਹਿਤ ਖੰਭਾਂ ਹੇਠਾਂ ਲੁਕਾਈ ਰਖਦੀ ਹੈ । ਇਨ੍ਹਾਂ ਪੰਥ ਦੀ ਸੰਭਾਲ ਵੀ ਕੀਤੀ ਤੇ ਗੁਲਾਮੀ ਦੀਆਂ ਜ਼ੰਜੀਰਾਂ ਦੀ ਕੁਤਰੀਆਂ । ਆਪ ਨੇ ੧੯੫੫ ਵਿਚ ਹੋਲੇ ਨਵੇਂ ਸਿਰਿਉਂ ਮਨਾਉਣੇ ਸ਼ੁਰੂ ਕੀਤੇ । ਆਪ ਜੀ ਦੇ ਸਮੇਂ ੨੨-੨੨ ਜੋੜੀਆਂ ਰਾਗੀਆਂ ਦੀਆਂ ਕੀਰਤਨ ਕਰਦੀਆਂ ਸਨ ਤੇ ਮਸਤਾਨਿਆਂ ਨਾਲ ਦੀਵਾਨ ਭਰਪੂਰ ਹੁੰਦੇ ਸਨ ।

ਸ੍ਰੀ ਗੁਰੂ ਹਰੀ ਸਿੰਘ ਜੀ ਦੀ ਪਿਛੋਂ ਪੰਥ ਦੀ ਵਾਗ ਡੋਰ ਸਤਿਗੁਰੂ ਪ੍ਰਤਾਪ ਸਿੰਘ ਜੀ ਹਥ ਆਈ । ਨਾਮਧਾਰੀ ਬਿਰਛ ਹੁਲਾਰੇ ਖਾਣ ਲਗਾ । ਅੰਗਰੇਜ਼ ਨਾਲ ਟੱਕਰ ਤਾਂ ਜਾਰੀ ਸੀ, ਪਰ ਉਨ੍ਹਾਂ ਦੇਸ਼ਾਂ ਪ੍ਰਦੇਸ਼ਾਂ ਵਿਚ ਸੱਚ, ਸੋਧ ਤੇ ਨਾਮ ਬਾਣੀ ਦਾ ਪ੍ਰਵਾਹ ਚਲਾ ਦਿਤਾ । ਇਨ੍ਹਾਂ ਦੇ ਸਮੇਂ ਹੋਲਿਆਂ ਸਮੇਂ ਹੋਲੇ ਦੇ ਦੀਵਾਨ, ਰਾਗੀਆਂ ਦੇ ਕੀਰਤਨ, ਵਿਦਵਾਨ ਦੇ ਵਖਿਆਨ, ਕਵੀ ਦਰਬਾਰ ਤੇ ਕਵੀਆਂ ਦੀਆਂ ਰੰਗ ਬਰੰਗੀ ਤਰਾਨਿਆਂ ਦੀ ਲਹਿਰਾਂ ਬਹਿਰਾਂ । ਧਾਰਮਿਕ ਸਮਾਗਮਾਂ ਦੇ ਨਾਲ ਨਾਲ ਸੁਹਣੇ ਕਰਨ ਦੇ ਮੁਕਾਬਲੇ ਬਾਰੀਕ ਧੱਦਰ ਦੇ ਮੁਕਾਬਲੇ ਪਾਠ ਮੁਕਾਬਲੇ ਹੁੰਦੇ ਸਨ । ਸੱਚੇ ਪਾਤਸ਼ਾਹ ੨੦੧੯ ਵਿਚ ਦੇਹ ਦਾ ਓਲ੍ਹਾ ਕੀਤਾ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਤਖਤ ਚਵਰ-ਦੇ

ਮਾਲਿਕ ਬਣੇ ਆਪ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰੰਪਰਾਵਾਂ ਨੂੰ ਕਾਇਮ ਰਖਦਿਆਂ ਸੰਗੀਤ ਮੁਕਾਬਲੇ ਸ਼ੁਰੂਕਰ ਦਿਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਨ੍ਹਾਂ ਦਾ ਅਵਤਾਰ ਚੇਤ ਵਦੀ ਤੀਜ ਨੂੰ ਸੀ ਤੇ ਜਿਨ੍ਹਾਂ ਬਾਰੇ ਕਵੀਆਂ ਨੇ ਇਉਂ ਰੀਝਾਂ ਲਾਹੀਆਂ ਹਨ :—

ਜਿਸ ਦੇ ਪ੍ਰਕਾਸ਼ ਤੋਂ ਪ੍ਰਕਾਸ਼ ਦੇ ਪ੍ਰਭਾਵ ਨਾਲ
ਪੁਲਿਸ ਚੌਕੀ ਹਨੇਰੇ ਵਿਚ ਚਾਨਣ ਰੁਸ਼ਨਾਇਆ ਸੀ
ਦਰਸ ਕਿਸ਼ੋਰ ਜੀਹਦਾ ਪਰਸ ਨਿਹੰਗ ਸਿੰਘ
ਸ਼ਰਸ ਸ੍ਰੀ ਦਸਮੇਸ਼ ਦਰਸਾਇਆ ਸੀ

ਬਾਲ ਜਵਾਨੀ ,ਬ੍ਰਿਧ ਕਾਲ ਦੇ ਵੀ, ਪਿਆਰੇ ਜੀ ਦੇ,
ਜਾਦੂ ਵਰਗਾ ਅਸਰ ਸੰਸਾਰ ਉਤੇ ਪਾਇਆ ਸੀ
ਵਡ ਪ੍ਰਤਾਪੀ, ਉਹ ਗੁਰੂ ਪ੍ਰਤਾਪ ਹਰਿ
ਚੇਤ ਵਦੀ ਤੀਜ ਭੈਣੀ ਆਤਮਾ ਪ੍ਰਗਟਾਇਆ ਸੀ

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਦਿਨ ਹੌਲੇ ਦੇ ਪੁਰਬ ਨਾਲ ਰਲਾ ਤ੍ਰਿਵੇਣੀ ਦਾ ਕੁੰਭ ਧਨ ਤੇ ਇਸ ਨਾਲ ਭਜਨ, ਬਾਣੀ, ਨਾਮ, ਸਿਮਰਨ, ਕਥਾ, ਕੀਰਤਨ ਰਾਹੀਂ ਕਲਿਜੁਗ ਦੀ ਕੰਧ ਲਾ ਕੇ ਰਾਮ ਰਾਜ ਦੇ ਬਦਨ ਤੇ ਧਰਮ, ਸ਼ਾਂਤੀ ਅਤੇ ਨਿਆਉਂ ਦੀ ਧਜਾ ਨੂੰ ਉੱਚਾ ਕਰਨ ਦਾ ਪੁਰਸ਼ਾਰਥ ਕਰ ਦਿਤਾ ਹੈ ।

... ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰੰਪਰਾਵਾਂ ਨੂੰ ਕਾਇਮ ਰਖਦਿਆਂ ਸੰਗੀਤ ਮੁਕਾਬਲੇ ਸ਼ੁਰੂਕਰ ਦਿਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਜਿਨ੍ਹਾਂ ਦਾ ਅਵਤਾਰ ਚੇਤ ਵਦੀ ਤੀਜ ਨੂੰ ਸੀ ਤੇ ਜਿਨ੍ਹਾਂ ਬਾਰੇ ਕਵੀਆਂ ਨੇ ਇਉਂ ਰੀਝਾਂ ਲਾਹੀਆਂ ਹਨ :—

ਜਿਸ ਦੇ ਪ੍ਰਕਾਸ਼ ਤੋਂ ਪ੍ਰਕਾਸ਼ ਦੇ ਪ੍ਰਭਾਵ ਨਾਲ
ਪੁਲਿਸ ਚੌਕੀ ਹਨੇਰੇ ਵਿਚ ਚਾਨਣ ਰੁਸ਼ਨਾਇਆ ਸੀ
ਦਰਸ ਕਿਸ਼ੋਰ ਜੀਹਦਾ ਪਰਸ ਨਿਹੰਗ ਸਿੰਘ
ਸ਼ਰਸ ਸ੍ਰੀ ਦਸਮੇਸ਼ ਦਰਸਾਇਆ ਸੀ

ਬਾਲ ਜਵਾਨੀ ,ਬ੍ਰਿਧ ਕਾਲ ਦੇ ਵੀ, ਪਿਆਰੇ ਜੀ ਦੇ,
ਜਾਦੂ ਵਰਗਾ ਅਸਰ ਸੰਸਾਰ ਉਤੇ ਪਾਇਆ ਸੀ
ਵਡ ਪ੍ਰਤਾਪੀ, ਉਹ ਗੁਰੂ ਪ੍ਰਤਾਪ ਹਰਿ
ਚੇਤ ਵਦੀ ਤੀਜ ਭੈਣੀ ਆਤਮਾ ਪ੍ਰਗਟਾਇਆ ਸੀ

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਦਿਨ ਹੌਲੇ ਦੇ ਪੁਰਬ ਨਾਲ ਰਲਾ ਤ੍ਰਿਵੇਣੀ ਦਾ ਕੁੰਭ ਧਨ ਤੇ ਇਸ ਨਾਲ ਭਜਨ, ਬਾਣੀ, ਨਾਮ, ਸਿਮਰਨ, ਕਥਾ, ਕੀਰਤਨ ਰਾਹੀਂ ਕਲਿਜੁਗ ਦੀ ਕੰਧ ਲਾ ਕੇ ਰਾਮ ਰਾਜ ਦੇ ਬਦਨ ਤੇ ਧਰਮ, ਸ਼ਾਂਤੀ ਅਤੇ ਨਿਆਉਂ ਦੀ ਧਜਾ ਨੂੰ ਉੱਚਾ ਕਰਨ ਦਾ ਪੁਰਸ਼ਾਰਥ ਕਰ ਦਿਤਾ ਹੈ ।

ਸਤਿਗੁਰੂ ਰਾਮ ਸਿੰਘ ਜੀ ਦੀ ਸਮੁੱਚੇ ਸਿੱਖ ਪੰਥ ਨੂੰ ਦੇਣ

ਦਲੀਪ ਸਿੰਘ ਨਾਮਧਾਰੀ
ਪ੍ਰਧਾਨ ਸਰਬਹਿੰਦ ਨਾਮਧਾਰੀ ਵਿਦਿਅਕ ਜੱਥਾ (ਰਜਿ:)

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਭਾਵੇਂ ਸਿਖ ਪੰਥ ਨੂੰ ਪੂਰੀ ਤਰ੍ਹਾਂ ਆਜ਼ਾਦੀ ਸੀ ਕਿ ਉਹ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ-ਮਰਯਾਦਾ ਅਨੁਸਾਰ ਪ੍ਰਪੱਕ ਕਰਕੇ ਸਮੁੱਚੇ ਪੰਜਾਬੀਆਂ ਨੂੰ ਇਸ ਪਾਸੇ ਵਲ ਪ੍ਰੇਰਿਤ ਕਰ ਲੈਂਦਾ। ਪਰ ਹੋਇਆ ਇਸ ਦੇ ਉਲਟ। ਰਾਜ-ਭਾਗ ਪ੍ਰਾਪਤ ਕਰਕੇ ਸਿੱਖ ਸਿੱਖੀ ਤੋਂ ਹੀ ਇੰਨੀ ਦੂਰ ਹੋ ਗਏ ਕਿ ਉਨ੍ਹਾਂ ਨੂੰ ਆਪਣੇ ਆਪ ਦਾ ਵਿਲੱਖਣ ਸਰੂਪ ਹੀ ਓਪਰਾ ਹੋ ਗਿਆ। ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਇਸ ਸਮੇਂ ਇੰਞ ਲਿਖਦੇ ਹਨ :—

"ਐਸੇ ਰੀਤ ਐਸੇ ਮੀਤ ਐਸੇ ਪ੍ਰਤੀਤ ਪ੍ਰੀਤ
ਖਾਨ ਪਹਿਰਾਨ ਗਯਾਨ ਮਾਨ ਐਸੇ ਜਨਕੇ।
ਭਾਰੇ ਦਸਤਾਰੇ ਸਾੜ੍ਹੇ ਭਾਰੇ ਹੈਂ ਸੰਭਾਰੇ ਅਛੇ।
ਨਛੈਂ ਤਜ ਕਏ ਖੋਤੀ ਸੂਥੂ ਤੰਗ ਤਨ ਕੇ।
ਗਾਰੇ ਹੈਂ ਤਤਾਰੇ ਜ਼ੇਬੇ ਕਯਾਮਤ ਅਧਿਕ ਲੇਥੇ
'ਜਿਨੈ ਦੇਖ **ਸਿਖੀ ਗਊ** ਭੈਥੈ ਤੁਰਕ ਜਾਨ ਕੇ।
ਸਿਖੀ ਦਸਮੇਸ਼ ਕੀ ਸੁਚੀ ਅਧਰ ਦੇਸ ਕੀ
ਅਸਿਖੀ ਪਈ ਪੰਸ਼ਰੀ ਛਿਨਾਰ ਬਨ ਠਨ ਕੈ।

ਐਸੇ ਸਮੇਂ ਜਦੋਂ ਸਿਖ ਪੰਥ ਦਾ ਪਤਨ ਹੋਣ ਦੇ ਨਜ਼ਦੀਕ ਸੀ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਪਤ-ਝੜ ਪਿਛੋਂ ਬਸੰਤ ਦੀ ਤਰ੍ਹਾਂ ਹੀ ਸੀ। ਸੰਨ 1849 ਜਦੋਂ ਮਹਾਰਾਜਾ ਦਲੀਪ ਸਿੰਘ ਨੂੰ ਤਖਤੋ ਤਾਜ ਤੋਂ ਉਤਾਰ ਅੰਗਰੇਜ਼ਾਂ ਨੇ ਸਮੁੱਚੇ ਪੰਜਾਬ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ ਤਾਂ ਉਸ ਵਕਤ ਸੰਨ 1857 ਦੀ ਵਿਸਾਖੀ ਵਾਲੇ ਦਿਹਾੜੇ ਨੂੰ ਸਿਖੀ ਦਾ ਪੁਨਰ ਸੁਰਜੀਤ ਕਰਨਾ ਵੀ ਅਲੋਕਾਰ ਤੋਂ ਘੱਟ ਨਹੀਂ ਸੀ। ਸਿਖ ਸਮਾਜ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਮਰਯਾਦਾ ਨੂੰ ਦ੍ਰਿੜ ਕਰਾਉਣਾ, ਇਥੋਂ ਤਕ ਪਿੰਡਾਂ ਵਿਚ ਘਰ ਘਰ ਜਾ ਕੇ ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਅਲਮਾਰੀਆਂ 'ਚ ਬੰਦ ਪਈਆਂ ਆਪਣੀ ਦਸਤਾਰ ਦੇ ਪਲੇ ਨਾਲ ਸਾਫ ਕਰਕੇ ਪ੍ਰਕਾਸ਼ ਕਰਾਉਣਾ ਤੇ ਦਸਣਾ ਕਿ ਇਹ ਗੁਰਬਾਣੀ ਪੜ੍ਹਨ ਲਈ ਹੈ ਤੇ ਇਸ ਉਪਰ ਅਮਲ ਕਰਨਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਸਿਖ ਸਮਾਜ ਨੂੰ ਇਹ ਯਾਦ ਕਰਾਉਣਾ ਕਿਸ ਗਲੋਂ ਗਲਤ ਹੋ ਸਕਦਾ ਸੀ :

"ਜਾਗ ਜਿਨਕੇ ਬਡੇਰੇ ਬਾਣੀ ਪੜਤੇ ਸਵੇਰੇ
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੇ।
ਤਿਨਹੀ ਕੀ ਨਾਤੀ ਧੂਪ ਦੀਪ ਕੀ ਕਹਾਂ ਬਿਖਯਾਤੀ
ਧਾਇ ਹੈ ਨ ਝਾਤੀ ਮੂਸ ਖਾਤ ਗ੍ਰੰਥ ਕੋ ਪਰੇ।

ਉਸ ਸਮੇਂ ਵਿਚ ਜੇਕਰ ਸਿਖਾਂ ਕੋਲੋਂ ਹੁੱਕੇ ਛਡਵਾਏ, ਅਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਯਾਰੀ ਕਿਸੇ ਨਾਲ ਠੱਗੀ ਬੇਈਮਾਨੀ ਆਦਿ ਛੁਡਾਈਆਂ ਤੇ ਮੁਰਦਾ ਹੋ ਗਈ ਇਸ ਸਿਖੀ ਨੂੰ ਮੁੜ ਖੰਡੇ ਦਾ ਅੰਮ੍ਰਿਤ ਛਕਾ ਕੇ ਕੰਨ ਵਿਚ ਗੁਰਮੰਤਰ ਦਾ ਛਿੱਟਾ ਦਿਤਾ ਕਿ ਇਹ

ਗੁਰੂ ਸਿਖ, ਸਿਖ ਗੁਰੂ ਹੈ ਏਕੋ
ਗੁਰ ਉਪਦੇਸ਼ ਚਲਾਏ।"

ਦੇ ਅਨੁਸਾਰ ਚਲਣ ਲਗ ਪਿਆ। ਇਸ ਤਰ੍ਹਾਂ ਨਾਮ ਸਿਮਰਨ 'ਚ ਗੜੂੰਦ ਇਸ ਸੰਗਤ ਦਾ ਨਾਮ ਹੀ ਨਾਮਧਾਰੀ ਸੰਗਤ ਪੈ ਗਿਆ। ਇਹ ਗੁਰਮੰਤਰ ਗੁਰੂ ਨਾਨਕ ਦੇਵ ਜੀ ਦਾ ਚਾਰ ਜੁਗਾਂ ਦੇ ਤਪ ਤੋਂ ਬਾਦ ਬਣਾਇਆ ਹੋਇਆ ਹੀ ਸੀ ਜਿਸ ਨੂੰ ਅਜ ਤੀਕ ਕੋਈ ਵੀ ਝੁਠਲਾ ਨਹੀਂ ਸਕਿਆ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਹੀ ਦੇਣ ਹੈ ਕਿ ਅਜ ਵੀ ਹਰ ਨਾਮਧਾਰੀ ਦੇ ਘਰ 'ਚ ਜਿਥੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਰੋਜ਼ਾਨਾ ਕੀਤਾ ਜਾਂਦਾ

ਹੈ, ਉਥੇ ਨਾਲ ਹੀ ਇਕ ਘੰਟਾ ਘੱਟ ਤੋਂ ਘੱਟ ਸਿਮਰਨ ਕਰਨਾ ਵੀ ਹਰ ਜੀਅ ਪ੍ਰਤੀ ਜ਼ਰੂਰੀ ਹੈ ਅਤੇ ਇਕ ਸਾਧਾਰਨ ਪਾਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਘਰ ਪ੍ਰਤੀ ਕਰਨ ਦਾ ਸ੍ਰੀ ਸਤਿਗੁਰੂ ਜੀ ਵਲੋਂ ਆਦੇਸ਼ ਹੈ। ਨਾਮਧਾਰੀ ਸਿੰਘਾਂ ਦਾ ਸ਼ਬਦ ਕੀਰਤਨ ਕਰਦਿਆਂ ਹੋਇਆਂ ਐਸਾ ਮਸਤ ਹੋ ਜਾਣਾ ਕਿ ਊੱਚੀ ਊੱਚੀ ਕੂਕਾ ਅੰਦਰੋਂ ਨਿਕਲਣ ਲਗ ਪੈਣੀਆਂ ਜਾਂ ਮਸਤਾਨੇ ਹੋ ਜਾਣਾ, ਕੁਦਰਤੀ ਗਲ ਹੈ ਤੇ ਹੀ ਕੂਕੇ ਨਾਮ ਪ੍ਰਸਿੱਧ ਹੋਇਆ ਜਿਵੇਂ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਸਹੀ ਨਾਮਧਾਰੀ ਆਹਿ ਭਿਨਕੇ ਉਚਾਰੀ,
ਕੂਕਾ ਮਾਰਨੈ ਤੇ ਕੂਕੇ ਜਗਤ **ਬਖਾਨ ਹੈ।**

ਗਿਆਨੀ ਗਿਆਨ ਸਿੰਘ ਜੀ ਦੇ ਲਿਖਣ ਅਨੁਸਾਰ :—

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ,
ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਿਓ।
ਫੁੱਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ
ਸੁਧਾ ਛਕ ਥਾਏ ਸਿੰਘ, ਗ੍ਯਾਤਾ ਜਿਨੈ ਜਾਗਿਓ।
ਫੈਲਿਓ ਜਸ ਭਾਰੀ, ਸਿਖ ਹੋਏ ਤਾਂਹਿ ਕੇ ਅਪਾਰੀ,
ਸਿਖ ਪੰਥ ਬਿਰਧਾਨੋ, ਨਾਮ ਰਸ ਪਾਗਿਓ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,
ਠੱਗੀ ਤਜ ਥੀਏ ਸੰਤ ਸਤਿਜੁਗ ਆ ਗਇਓ।
(ਪੰਥ ਪ੍ਰਕਾਸ਼)

ਵੇਸਵਾਂ ਗਮਨ, ਜੰਮਦੀਆਂ ਲੜਕੀਆਂ ਨੂੰ ਮਾਰ ਦੇਣਾ, ਤਾਂ ਜੋ ਕੋਈ ਉਨ੍ਹਾਂ ਦਾ ਜਵਾਈ ਬਣ ਕੇ ਨਾ ਆ ਸਕੇ, ਵਿਧਵਾ ਦੇ ਵਿਆਹ ਨ ਹੋਣ ਦੇਣੇ ਅਤੇ ਔਰਤਾਂ ਨੂੰ ਘੁੰਡ-ਪਰਦਿਆਂ ਵਿਚ ਰਖਣਾ, ਸਿਖ ਸਰਦਾਰਾਂ ਦੇ ਖਾਸ ਕਰਤਵ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਇਹ ਹੁਕਮ ਜਾਰੀ ਕਰ ਦਿਤੇ ਕਿ :—

੧. ਕੋਈ ਵੀ ਜੰਮਦੀ ਲੜਕੀ ਨੂੰ ਨ ਮਾਰੇ।
੨. ਵਿਧਵਾ ਵਿਆਹ ਦੀ ਪ੍ਰਥਾ ਤੋਰੀ।
੩. ਇਸਤ੍ਰੀ ਜਾਤੀ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਪੰਜ ਕਕਾਰਾਂ ਦੇ ਧਾਰਨੀ ਬਣਾ ਕੇ ਸਿਖਾਂ ਦੇ ਬਰਾਬਰ ਲੈ ਆਉਣਾ। ਜੇਠ ਦੀ ਪੂਰਨਮਾਸ਼ੀ ਸੰਮਤ ੧੯੨੦ ਨੂੰ ਪਿੰਡ ਸਿਆੜ੍ਹ ਵਿਖੇ ਅੰਮ੍ਰਿਤ ਛਕਾਇਆ।
੪. ਘੁੰਡ-ਪਰਦਿਆਂ ਨੂੰ ਦੂਰ ਕਰਾਉਣਾ ਤੇ ਇਹ ਸਿਖਿਆ ਦੇਣੀ ਕਿ ਸੱਸ-ਸਹੁਰਾ ਜੇਠ ਵੀ ਤੁਹਾਡੇ ਮਾ-ਪਿਤਾ ਤੇ ਭਰਾ ਦੇ ਬਰਾਬਰ ਹਨ, ਘੁੰਡ ਪਰਦੇ ਕਿਦੇ ਤੋਂ।

੫. ਛੋਟੀ ਉਮਰ 'ਚ ਵਿਆਹ ਕਰਨ ਦੀ ਮਨਾਹੀ। ਇਹੋ ਜਿਹੇ ਸਮੇਂ ਵਿਚ ਇਸਤਰੀ ਜਾਤੀ ਦੇ ਸੁਧਾਰ ਲਈ ਇਨਾ ਕੁਝ ਕਰ ਦੇਣਾ ਸਿਰਫ ਸਤਿਗੁਰੂ ਦਾ ਹੀ ਕੰਮ ਸੀ। ਇਹੋ ਵਜ੍ਹਾ ਸੀ ਕਿ ਉਸ ਵੇਲੇ ਰਾਜਨੀਤਕ ਖੇਤਰ ਵਿਚ ਸਭ ਤੋਂ ਅਗੇ ਇਕ ਮਾਈ ਹੁਕਮੀ ਜੋ 22 ਸੂਬਿਆਂ ਵਿਚੋਂ ਇਕ ਸੀ ਨੇ ਇਹ ਸਾਬਤ ਕਰ ਵਿਖਾਇਆ ਕਿ ਇਸਤਰੀ ਵੀ ਕਿਸੇ ਪੱਖ ਤੋਂ ਪਿਛੇ ਨਹੀਂ ਹੈ। ਇਸਤਰੀ ਜਾਤੀ ਤੇ ਕੀਤੇ ਇਸ ਗੁਰੂ ਦੇ ਪਰਉਪਕਾਰ ਬਾਰੇ ਸਾਡੇ ਅਜੋਕੇ ਸਿਖ ਵਿਦਵਾਨ ਸ: ਕਪੂਰ ਸਿੰਘ ਜੀ I. C. S. ਲਿਖਦੇ ਹਨ :—

"ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਬਾਬਾ ਰਾਮ ਸਿੰਘ ਹਿੰਦੁਸਤਾਨ ਵਿਚ ਇਕ ਬੜੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ। ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਹੋਰ ਮਹਾਨ ਕੰਮ ਕੀਤੇ ਹਨ ਉਹ ਛਡ ਵੀ ਦੇਈਏ, ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ ਹੀ ਉਹਨਾਂ ਨੂੰ ਸੰਸਾਰ ਭਰ ਦੇ ਸਿਰੋਮਣੀ ਸੁਧਾਰਕਾਂ ਦੀ ਸੱਫ ਵਿਚ ਖੜ੍ਹਾ ਕਰ ਦਿੰਦਾ ਹੈ। ਸੱਚੀ ਗੱਲ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ, ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹੀ ਨਹੀਂ ਹੋਈ, ਜਿਸ ਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਗਾਮਗੀਰ ਤੇ ਉੱਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜੰਤਾ ਦੇ ਆਤਮਿਕ ਤੌਰ ਤੇ ਅਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜ ਕੇ ਉਸ

ਉਨਤੀ ਦੀ ਸਿਖਰ ਉਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਜੀ ਹੋਏ ਹਨ।

ਪੰਨਾ ੧੫ (ਸਪਤ ਸ੍ਰਿੰਗ)

ਅਨੰਦ ਕਾਰਜ ਦੀ ਪਧਤੀ ਨੂੰ ਸਾਦਾ ਤੇ ਸਸਤੇ ਢੰਗ ਰਾਹੀਂ ਸਭ ਤੋਂ ਪਹਿਲਾਂ ਸਿਖ ਸਮਾਜ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ੩ ਜੂਨ ੧੮੬੩ ਨੂੰ ਪਿੰਡ ਖੋਟੇ ਜਿਲਾ ਫਿਰੋਜ਼ਪੁਰ ਵਿਖੇ ਛੇ ਜੋੜਿਆਂ ਦੇ ਕਰਕੇ ਸ਼ੁਰੂ ਕੀਤਾ। ਸਤਿਗੁਰੂ ਰਾਮ ਸਿੰਘ ਜੀ ਤਕ ਸਾਰੇ ਗੁਰੂਆਂ ਦੇ ਵੀ ਵਿਆਹ ਬ੍ਰਾਹਮਣ ਰੀਤੀ ਅਨੁਸਾਰ ਹੀ ਹੋਏ ਸਨ ਅਤੇ ਇਹੀ ਵਜ੍ਹਾ ਹੈ ਕਿ ਜਦੋਂ ਆਪ ਜੀ ਨੇ ਇਸ ਅਨੰਦ ਕਾਰਜ ਰੀਤੀ ਨੂੰ ਸ਼ੁਰੂ ਕੀਤਾ ਤਾਂ ਆਰੂ ਬ੍ਰਾਹਮਣਾਂ ਨੇ ਸਰਕਾਰੇ ਦਰਬਾਰੇ ਤਕ ਰੌਲਾ ਪਾਇਆ ਤੇ ਇਸ ਤਰ੍ਹਾਂ ਸਤਿਗੁਰੂ ਜੀ ਨੂੰ ਪਿੰਡ ਖੋਟੇ ਤੋਂ ਬਾਰਿਓਂ ਬਾਣੀਂ ਸ੍ਰੀ ਭੈਣੀ ਸਾਹਿਬ ਲੈ ਆਦਾ। ਇਸ ਪਿਛੋਂ ੨੮ ਦਿਨ ਲਗਾਤਾਰ ਆਪ ਜੀ ਨੂੰ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣੇ ਕਚਿਹਰੀ ਵਿਚ ਪੇਸ਼ ਹੋਣਾ ਪੈਂਦਾ ਰਿਹਾ ਹੈ। ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ :—

"ਸ੍ਰੀ ਰਾਮ ਸਿੰਘ ਕੂਕੇ ਪਹਿਲੇ।
ਅਨੰਦ ਸੁ ਛੰਦ ਪੜ੍ਹਾਏ ਸਹਿਲੇ।
ਉਨ ਕੋ ਦੇਖ ਔਰ ਸਿੰਘ ਘਨੇ।
ਲਗੇ ਅਨੰਦ ਪੜ੍ਹਾਵਨ ਤਨੇ।"

(ਤ੍ਰ: ਨ: ੩੦-੩੧)

ਨਾਮਧਾਰੀ ਪੰਥ ਹੀ ਇਕ ਐਸਾ ਪੰਥ ਹੈ ਜੋ ੧੨੦ ਸਾਲਾਂ ਤੋਂ ਲਗਾਤਾਰ ਆਪਣੇ ਸਤਿਗੁਰੂ ਜੀ ਦੇ ਦਰਸਾਏ ਹੋਏ ਇਸ ਸਾਦਾ ਤੇ ਸਸਤੇ ਢੰਗ ਦੁਆਰਾ ਵਿਆਹ ਦੀ ਪੱਧਤੀ ਨੂੰ ਉਸੇ ਤਰ੍ਹਾਂ ਹੀ ਕਰਦਾ ਆ ਰਿਹਾ ਹੈ। ਅਜ ਦੀ ਅਨੰਦ ਕਾਰਜ ਦੀ ਰੀਤੀ ਦੁਆਰਾ ਵਿਆਹ ਕਰਾਉਣ ਵਾਲੇ ਜੋੜੇ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਖਾਸ ਤੌਰ ਤੇ ਪੱਕ ਸਿੱਧ ਕਰਨਾ ਕਿ ਉਨ੍ਹਾਂ ਨੇ :-

੧. ਮਾਕਾ, ਟਾਕਾ ਜਾਂ ਕੁੜਮਾਈ ਆਦਿ ਤੇ ਨਹੀਂ ਕੀਤੀ। (ਜੇ ਕੁਝ ਪਿਆਰ ਵਜੋਂ ਕੁਝ ਦਿਤਾ ਹੋਇਆ ਹੈ ਤਾਂ ਉਹ ਵਾਪਸ ਕਰਨ।)

੨. ਲੜਕੇ ਲੜਕੀ ਕੋਲੋਂ ਅਰਦਾਸ ਸੁਨਣੀ। (ਇਹ ਇਸ ਲਈ ਜ਼ਰੂਰੀ ਹੈ ਕਿ ਅਜੋਕੇ ਸਿਖ ਬੱਚੇ ਬੱਚੀਆਂ ਨੂੰ ਫਿਲਮੀ ਸਿਤਾਰਿਆਂ ਦੇ ਨਾਂ ਤਾਂ ਆਉਂਦੇ ਹੋਣਗੇ ਪਰ ਆਪਣੇ ਸਤਿਗੁਰਾਂ ਦੇ ਨਾਮਾਂ ਤੋਂ ਜਾਣੂ ਨਹੀ।)

੩. ਲੜਕੇ ਦੇ ਕੇਸ ਦਾੜ੍ਹੀ ਵੇਖਣੀ ਤੇ ਲੜਕੀਆਂ ਦੇ ਭਰਵੱਟੇ ਆਦਿ (ਸਿਖ ਲੜਕੇ ਲੜਕੀਆਂ ਦਾ ਸਿਖੀ ਤੋਂ ਦੂਰ ਹੁੰਦੇ ਜਾਣ ਲਈ ਸਭ ਤੋਂ ਪਹਿਲਾ ਕਦਮ ਇਹੋ ਹੁੰਦਾ ਹੈ।)

੪. ਵਿਆਹ ਵੇਲੇ ਲੜਕੇ ਲੜਕੀ ਨੂੰ ਅੰਮ੍ਰਿਤ ਛਕਾ ਕੇ, ਭਜਨ ਦੇ ਕੇ ਆਨੰਦ ਕਾਰਜ ਕਰਨਾ। ਲੜਕੀ ਦਾ ਮੂੰਹ ਨੰਗੇ ਹੋਣਾ ਇਹ ਦਸਦਾ ਹੈ ਕਿ ਉਹ ਸੱਸ ਸਹੁਰੇ ਜੇਠ ਆਦਿ ਨੂੰ ਮਾਤਾ ਪਿਤਾ ਤੇ ਭਰਾ ਆਦਿ ਸਮਝੇ ਅਤੇ ਸਤਿਗੁਰੂ ਜੀ ਦੇ ਸਨਮੁਖ ਸੰਗਤ ਵਿਚ ਮੂਹ ਢੱਕ ਕੇ ਆਉਣਾ ਵੈਸੇ ਵੀ ਸਿਖ ਧਰਮ ਵਿਚ ਵਿਵਰਜਤ ਹੈ।

੫. ਆਨੰਦ ਕਾਰਜ ਤੋਂ ਬਾਅਦ ਲੜਕੀ ਦਾ ਲੜਕੇ ਵਾਲਿਆਂ ਦੇ ਘਰ ਘੱਟ ਤੋਂ ਘੱਟ 15 ਦਿਨ ਰਹਿਣਾ। (ਜਿਹ ਇਸ ਲਈ ਜ਼ਰੂਰੀ ਹੈ ਤਾਂ ਜੁ ਮੁਕਲਾਵਾ ਆਦਿ ਫਜ਼ੂਲ ਰਸਮਾਂ ਖਤਮ ਹੋ ਜਾਣ।)

੬. ਵਿਆਹ ਤੋਂ ਬਾਅਦ ਉਨ੍ਹਾਂ ਤਿੰਨਾਂ ਕਪੜਿਆਂ ਵਿਚ ਹੀ ਲੜਕੀ ਸਹੁਰੇ ਘਰ ਜਾਵੇ।

੭. ਲੜਕੇ ਵਾਲਿਆਂ ਵਲੋਂ ਘਰ ਜਾਕੇ ਕੋਈ ਪਾਰਟੀ ਜਾਂ ਇਕੱਠ ਆਦਿ ਕਰਨ ਦੀ ਇਕ ਸਾਲ ਤਕ ਸਖ਼ਤ ਮਨਾਹੀ।

੮. ਲੜਕਾ ਇਕੱਲਾ ਹੀ ਲੜਕੀ ਨੂੰ ਉਸਦੇ ਮਾਪਿਆਂ ਦੇ ਘਰੋਂ ਲਿਆਉਣ ਲਈ ਜਾਵੇਗਾ। ਇਸ ਤਰ੍ਹਾਂ ਦਾਜ ਦਹੇਜ ਤੋਂ ਅਤੇ ਲੋਕ ਵਿਖਾਵੇ ਤੋਂ ਨਾਮਧਾਰੀਆਂ ਨੂੰ ਕੋਹਾਂ ਦੂਰ ਰਖਿਆ ਜਾਂਦਾ ਹੈ।

ਇਸ ਤਰ੍ਹਾਂ ਦੀਆਂ ਸਖਤ ਮਨਾਹੀਆਂ ਦੇ ਬਾਵਜੂਦ ਵੀ ਜੇ ਕਦੇ ਕੋਈ ਸਿਖ ਗਲਤੀ ਕਰ ਬੈਠਦਾ ਹੈ ਤਾਂ ਉਹ ਸਤਿਗੁਰੂ ਜੀ ਵਲੋਂ ਲਗੀ ਤੰਨ ਨੂੰ ਪੂਰਾ ਕਰਨ ਤੋਂ ਬਾਅਦ ਹੀ ਆਪਣੇ ਸਿਖੀ ਦਾਇਰੇ ਵਿਚ ਸ਼ਾਮਲ ਹੋਇਆ ਸਮਝਿਆ ਜਾਂਦਾ ਹੈ ਸਤਿਗੁਰੂ ਹੀ ਹੈ ਜੋ ਸਿਖਾਂ ਨੂੰ ਇਹੋ ਜਿਹੇ ਸੁਮਾਰਗ ਤੇ ਚਲਾਉਣ ਦੀ ਕ੍ਰਿਪਾ ਕਰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਇਹ ਸਿਖ ਪੰਥ ਨੂੰ ਇਕ ਅਦੁਤੀ ਦੇਣ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਜਾਏ ਹੋਏ ਸਿਖਾਂ ਵਿਚੋਂ ਅਨੇਕਾਂ ਹੀ ਮਰਜੀਵੜੇ ਸਿਰਾਂ ਤੇ ਸ਼ਹੀਦੀ ਕਫਨ ਬੰਨ ਅੰਗਰੇਜ਼ ਸਲਤਨਤ ਨਾਲ ਟੱਕਰ ਲੈਣ ਲਈ ਤੁਰ ਪਏ। ਬਗੈਰ ਕਿਸੇ ਤਿਆਰੀ ਦੇ, ਬਗੈਰ ਸ਼ਸਤਰਾਂ ਦੇ, ਨਿਸ਼ੰਗ ਤੇ ਨਿਰਭੈ ਯੋਧੇ ਦੇਸ਼ ਆਜ਼ਾਦੀ ਪ੍ਰਾਪਤ ਕਰਨ ਲਈ ਮਲੇਰ ਕੋਟਲੇ 17-18 ਜਨਵਰੀ 1872 ਨੂੰ ਤੋਪਾਂ ਸਾਹਵੇਂ ਖਲੋ ਕੇ 65 ਸਿੰਘਾਂ ਦਾ ਫੀਤਾ ਫੀਤਾ ਹੋ ਜਾਣਾ, ਇਕ ਬਾਲਕ ਬਾਬਾ ਬਿਸ਼ਨ ਸਿੰਘ ਜੋ ਕਿ 12 ਵਰ੍ਹਿਆਂ ਦਾ ਨਿੱਡਰ ਯੋਧਾ ਸੀ ਤਲਵਾਰ ਨਾਲ ਸ਼ਹੀਦ ਹੋ ਜਾਣਾ। ਅੰਮ੍ਰਿਤਸਰ ਸਾਹਿਬ; ਰਾਇਕੋਟ, ਲੁਧਿਆਣਾ ਵਿਖੇ ਫਾਂਸੀਆਂ ਤੇ ਆਪਣੇ ਗਲੀਂ ਆਪ ਰੱਸੇ ਪਾਕੇ ਸ਼ਹੀਦ ਹੋ ਜਾਣਾ। ਫਿਰ ਕਾਲੇ ਪਾਣੀਆਂ ਦੀ ਸਜ਼ਾਵਾਂ, ਜੇਲਾਂ ਵਿਚ ਅਨੇਕਾਂ ਤਸੀਹੇ ਸਹਿੰਦੇ ਹੋਏ ਸ਼ਹੀਦ ਹੋ ਜਾਣਾ ਅਜ ਵੀ ਸਾਰਾ ਸਿਖ ਸਮਾਜ ਇਨ੍ਹਾਂ ਸ਼ਹੀਦਾਂ ਤੇ ਮਾਨ ਕਰਦਾ ਹੈ, ਇਨ੍ਹਾਂ ਨੂੰ ਸਿਰ ਨਿਵਾਉਂਦਾ ਹੈ।

੧੦

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਰਾਮ ਸਿੰਘ ਮੇਰੋ ਹੋਇ ਨਾਮਾ,
ਬਾਰੀ ਸੁਤ ਭੈਣੀ ਕੋ ਧਾਮਾ ॥

ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰ ਮੌਰ,
ਸ਼ਕਤ ਅਨੀਤੀ ਆਇ ਹੈਂ ਆਦਿ ਇਹੇ ਨਹੀਂ ਔਰ ॥

ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ,
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ ॥

ਕੁਰਿੰਡ ਨਾਮਾ ਪਾਤਸ਼ਾਹੀ ੧੦

ਜੀਵਨ ਦੀ ਅਨਮੋਲ ਵਸਤੂ—ਧਰਮ

—ਸ੍ਰੀ ਮਹਾਰਾਜ ਬੀਰ ਸਿੰਘ ਜੀ
ਸ੍ਰੀ ਭੈਣੀ ਸਾਹਿਬ

ਵਾਰਾਹ ਪੁਰਾਣ ਵਿਚ ਲਿਖਿਆ ਹੈ ਕਿ ਸ੍ਰਿਸ਼ਟੀ ਦੀ ਸਾਜਨਾ ਕਰਕੇ ਬ੍ਰਹਮਾ ਜੀ ਨੂੰ ਬੜੀ ਚਿੰਤਾ ਹੋਈ। ਉਸ ਸਮੇਂ ਉਨ੍ਹਾਂ ਦੇ ਸਜੇ ਅੰਗ ਵਿਚੋਂ ਇਕ ਪੁਰਸ਼ ਪੈਦਾ ਹੋਇਆ ਜਿਸਦੇ ਕੰਨਾਂ ਵਿਚ ਸਫੈਦ ਕੁੰਡਲ ਅਤੇ ਗਲ ਵਿਚ ਸਫੇਦ ਮਾਲਾ ਸੀ। ਬ੍ਰਹਮਾ ਜੀ ਨੇ ਕਿਹਾ, ਤੂੰ ਬੈਲ ਦੇ ਸਰੂਪ ਵਾਲਾ ਚਾਰ ਪੈਰਾਂ ਵਾਲਾ ਹੋ ਜਾ, ਅਤੇ ਸਭਨਾਂ ਦਾ ਪ੍ਰਧਾਨ ਹੋ ਕੇ ਪ੍ਰਜਾ ਦਾ ਪਾਲਨ ਕਰ।

ਧਰਮ ਦੇ ਚਾਰ ਪੈਰ ਅਤੇ ਬੈਲਰੂਪ ਹੋਣ ਦਾ ਸੰਕੇਤ ਗੁਰਬਾਣੀ ਵਿਚੋਂ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਭੀ ਮਿਲਦੇ ਹਨ। ਜਪੁ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ:

ਧੌਲੁ ਧਰਮੁ ਦਇਆ ਕਾ ਪੂਤੁ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਹੋਣ ਵੇਲੇ ਧਰਮ ਤੋਂ ਵਿਪ੍ਰੀਤ ਵੀਚਾਰਾਂ ਵਾਲੇ ਲੋਕਾਂ ਦੇ ਵਰਤਾਉ ਤੋਂ ਜਿਵੇਂ ਪ੍ਰਿਥਵੀ ਤੇ ਉਪਦ੍ਰਵ ਹੋ ਰਹੇ ਸਨ, ਉਨ੍ਹਾਂ ਤੋਂ ਜੋ ਦਸ਼ਾ ਧਰਮ ਦੀ ਹੋਈ ਉਸਦਾ ਸੰਖੇਪ ਵਰਨਣ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ:

ਬਾਝੁ ਗੁਰੂ ਅੰਧੇਰੁ ਹੈ
ਖਹਿ ਖਹਿ ਮਰਦੇ ਬਹੁ ਬਿਧਿ ਲੋਆ
ਵਰਤਿਆ ਪਾਪੁ ਜਗਤਿ ਤੇ
ਧਉਲੁ ਉਡੀਣਾ ਨਿਸਿ ਦਿਨਿ ਰੋਆ

ਸਾਡੇ ਗ੍ਰੰਥਾਂ ਵਿਚ ਧਰਮ ਦੇ ਚਾਰ ਚਰਣ ਮੰਨੇ ਗਏ ਹਨ। ਉਨ੍ਹਾਂ ਅਨੁਸਾਰ ਧਰਮ ਨੂੰ ਬੈਲ ਨਿਰੂਪਣ ਕੀਤਾ ਗਿਆ ਹੈ। ਆਦਿ ਸ੍ਰੀ ਗ੍ਰੰਥ ਸਾਹਿਬ ਵਿਚੋਂ ਭੀ ਇਸ ਦੀ ਪ੍ਰੋੜਤਾ ਮਿਲਦੀ ਹੈ।

ਸਤਿਜੁਗਿ ਧਰਮੁ ਪੈਰ ਹੈ ਚਾਰਿ।
ਗੁਰਮੁਖਿ ਕੋ ਬੂਝੈ ਬੀਚਾਰਿ।

× ×

ਤ੍ਰੇਤੈ ਇਕ ਕਲ ਕੀਨੀ ਦੂਰਿ।
ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ।

× ×

ਦੁਆਪੁਰਿ ਧਰਮਿ ਦੁਇ ਪੈਰ ਰਖਾਏ।
ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ।
ਕਲਿਜੁਗਿ ਧਰਮ ਕਲਾ ਇਕ ਰਹਾਏ।
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ।

ਵਿਸ਼ਨੂ ਪੁਰਾਣ ਅਨੁਸਾਰ ਧਰਮ ਦੇ ਚਰਣ ਏਹ ਹਨ:

੧. ਸਤਯ ੨. ਯਗਯ ੩. ਪੂਜਾ ਅਤੇ ੪. ਨਾਮ ਸਿਮਰਨ। ਇਨ੍ਹਾਂ ਦਾ ਵਰਨਣ ਜੁਗਾਂ ਦੇ ਕ੍ਰਮ ਅਨੁਸਾਰ ਆਦਿ ਗ੍ਰੰਥ ਵਿਚੋਂ ਭੀ ਮਿਲਦਾ ਹੈ:

ਸਤਿਜੁਗਿ ਸਤੁ ਤੇਤਾ ਜਗੀ ਦੁਆਪੁਰਿ ਪੂਜਾਚਾਰ।
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ।
(ਬਾਣੀ ਸ੍ਰੀ ਰਵਿਦਾਸ ਜੀ)

ਪਿਛਲੇ ਜੁਗਾਂ ਵਿਚ ਕੀਤੇ ਜਾਣ ਵਾਲੇ ਕਰਮ ਜੁਗਾਂ ਦੇ ਕ੍ਰਮ ਅਨੁਸਾਰ ਇਕ ਇਕ ਕਰਕੇ ਘਟਦੇ ਗਏ ਅਤੇ ਕਲਿਜੁਗ ਵਿਚ ਕੇਵਲ ਨਾਮ ਸਿਮਰਨ ਰਹਿ ਗਿਆ। ਦੂਜਾ ਭਾਵ ਏਹ ਭੀ ਹੈ ਕਿ ਪਹਿਲੇ ਤਿੰਨਾਂ

ਜੁਗਾਂ ਵਿਚ ਸਚ ਬੋਲਣਾ, ਪੂਜਾ ਅਤੇ ਜਗ ਕਰਨੇ ਜ਼ਰੂਰੀ ਸਨ ਪਰ ਕਲਿਜੁਗ ਵਿਚ ਜੇ ਕੋਈ ਨਾਮ ਹੀ ਜਪੇ ਤਾਂ ਉਹ ਭੀ ਮੁਕਤੀ ਪ੍ਰਾਪਤ ਕਰ ਸਕਦਾ ਹੈ। ਇਸੇ ਭਾਵ ਦਾ ਵਰਣਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਲਿਖਿਆ ਹੈ :

ਸਤਿਜੁਗ ਸਤ ਤ੍ਰੇਤੈ ਜਗ੍ਯ ਦੁਆਪੁਰਿ
ਪੂਜਾ ਘਾਲੀ ਘਾਲਾ।
ਕਲਿਜੁਗਿ ਗੁਰਮੁਖਿ ਨਾਉ ਲੈ
ਪਾਰਿ ਪਵੈ ਭਵਜਲ ਭਰਨਾਲਾ।
ਚਾਰਿ ਚਰਣ ਸਤਿਜੁਗੀ ਵਿਚਿ
ਤ੍ਰੇਤੈ ਚਉਥੈ ਚਰਣਿ ਉਕਾਲਾ।
ਦੁਆਪੁਰਿ ਹੋਏ ਪੈਰ ਦੁਇ
ਇਕਤੈ ਪੈਰਿ ਧਰਮੁ ਦੁਖਾਲਾ।

(ਵਾਰ ੨੬ ਪਉੜੀ ੮)

ਮਨ ਸਿਮ੍ਰਿਤਿ ਵਿਚ ਧਰਮ ਦੇ ਇਹ ਦਸ ਅੰਗ (ਚਰਨ) ਮੰਨੇ ਗਏ ਹਨ :

੧. ਧੀਰਜ ੨. ਖਿਮਾ ੩. ਮਨ ਦਾ ਵਸ ਕਰਨਾ ੪. ਪਵਿਤ੍ਰਤਾ ੫. ਚੋਰੀ ਦਾ ਤਿਆਗ ੬. ਇੰਦ੍ਰੀਆਂ ਨੂੰ ਕੁਕਰਮਾਂ ਤੋਂ ਰੋਕਣਾ ੭. ਨਿਰਮਲ ਬੁੱਧਿ ੮. ਵਿਦਿਆ ਦਾ ਅਭਿਆਸ ਕਰਨਾ ੯. ਸਚ ਬੋਲਣਾ ੧੦. ਕ੍ਰੋਧ ਦਾ ਤਿਆਗ ਕਰਨਾ

ਮਨੂ ਅਨੁਸਾਰ ਬ੍ਰਾਹਮਣ ਤੋਂ ਲੈ ਕੇ ਚੰਡਾਲ ਤਕ, ਸਭਨਾਂ ਨੂੰ ਏਨ੍ਹਾਂ ਦਾ ਅਨੁਸਾਰੀ ਹੋਣਾ ਜ਼ਰੂਰੀ ਹੈ।

(ਮਨੂ ਸਿਮ੍ਰਿਤਿ, ਸਲੋਕ ੯੨, ਅਧ ੬)

ਸਾਰ ਕੁਰਾਵਲੀ ਦੇ ਕਰਤਾ ਨੇ ਧਰਮ ਦੀ ਵਿਸ਼ੇਸ਼ਤਾ ਬਾਰੇ ਲਿਖਿਆ ਹੈ :

ਧਰਮ ਗਰਬ ਸੁਖ ਖਾਨ ਜਾਨ ਸਭ ਕੋ ਹਿਤਕਾਰੀ।
ਧਰਮ ਧਰੇ ਬੁਧਿਵਾਨ ਨਿਰੰਤਰ ਚਿਤ ਮਝਾਰੀ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਧਰਮ ਹੀ ਸਾਰੇ ਵਿਸ਼੍ਵ ਦਾ ਆਸਰਾ (ਆਧਾਰ) ਹੈ।

ਜੇ ਨਿਰਪੱਖ ਵੀਚਾਰ ਨਾਲ ਦੇਖਿਆ ਜਾਏ ਤਦ ਧਰਮ ਦੇ ਉਪ੍ਰੋਕਤ ਨਿਯਮਾਂ ਅਨੁਸਾਰ ਚਲਣ ਨਾਲ ਅਸੀਂ ਸਦਾ ਸੁਖੀ ਰਹਿ ਸਕਦੇ ਹਾਂ।

ਪਿਤਾ ਅਤੇ ਮਾਤਾ ਦਾ ਸਤਿਕਾਰ; ਭੈਣ, ਭਾਈ, ਇਸਤ੍ਰੀ, ਪੁਤ੍ਰ ਪੁਤ੍ਰੀ ਅਤੇ ਹੋਰ ਸੰਬੰਧੀ ਸਭ ਨੂੰ ਆਪਣੇ ਯੋਗ ਸਥਾਨ ਤੇ ਮਾਨਤਾ ਦੇਣੀ ਸਾਡੇ ਧਰਮ ਦੇ ਜ਼ਰੂਰੀ ਅੰਗ ਹਨ।

ਕਿਸੇ ਇਸਤ੍ਰੀ ਦਾ ਰੂਪ ਜਾਂ ਕਿਸੇ ਦੀ ਕੋਈ ਸੁੰਦਰ ਵਸਤੂ ਕੁਦ੍ਰਿਸ਼ਟੀ ਨਾਲ ਵੇਖਣੀ ਅਧਰਮ ਹੈ। ਜੈਸਾ ਕਿ ਨੰਬਰ ੬ ਵਿਚ ਉਪਰ ਦਸਿਆ ਗਿਆ ਹੈ, ਇੰਦ੍ਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਇਹ ਤਦ ਹੀ ਹੋ ਸਕਦਾ ਹੈ ਜੇ ਮਨ ਨਿਰਮਲ ਰਖਿਆ ਜਾਵੇ। ਧਰਮ ਦੇ ਦਸ ਅੰਗ ਜੋ ਉਪਰ ਦਸੇ ਗਏ ਹਨ ਇਹ ਸਾਰੇ ਇਕ ਦੂਜੇ ਨਾਲ ਸੰਬੰਧਿਤ ਹਨ।

ਉਪਰ ਲਿਖੇ ਹੋਏ ਨੇਕ ਕਰਮ ਸਭ ਧਰਮਾਂ ਨੂੰ ਮੰਨਣ ਵਾਲਿਆਂ ਦੇ ਅੰਗੀਕਾਰ ਕਰਨ ਜੋਗ ਹਨ ਅਥਵਾ ਸਭ ਧਰਮਾਂ ਵਿਚ ਇਨ੍ਹਾਂ ਨੂੰ ਮਾਨਤਾ ਪ੍ਰਾਪਤ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ ਹਜ਼ਾਰਿਆਂ ਵਿਚ ਧਰਮ ਤੋਂ ਬਿਨਾ ਕੀਤੇ ਜਾਣ ਵਾਲੇ ਕਰਮਾਂ ਨੂੰ ਭਰਮੁ ਜਾਣਿਆ ਹੈ ਅਤੇ ਧਰਮ ਅਨੁਸਾਰ ਕੀਤੇ ਜਾਣ ਵਾਲੇ ਕਰਮਾਂ ਨੂੰ ਗ੍ਰਹਿਣ ਕਰਨ ਦਾ ਆਦੇਸ਼ ਦਿਤਾ ਹੈ :

'ਕੇਵਲ ਕਰਮ ਭਰਮ ਸੇ ਚੀਨਹੁ
ਧਰਮ ਕਰਮ ਅਨੁਰਾਗੀ'

ਸਾਡੇ ਗ੍ਰੰਥਾਂ ਅਨੁਸਾਰ ਏਕਾਦਸ਼ੀ ਤਿਥਿ ਵਿਚ * ਧਰਮ ਦਾ ਵਾਸ, ਵਿਸ਼ੇਸ਼ ਰੂਪ ਵਿਚ ਮੰਨਿਆ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸੇ ਕਰਕੇ ਇੰਦ੍ਰੀਆਂ ਨੂੰ ਵਸ ਕਰਨ ਦਾ, ਮਨ ਵਿਚ ਸੰਤੋਖ ਰਖਣ ਦਾ ਅਤੇ ਸਭ ਜੀਆਂ ਉਪਰ ਦਇਆ ਕਰਨ ਦਾ, ਆਦੇਸ਼ ਦਿਤਾ ਹੈ ਜੋ ਇਸ ਤਿਥਿ ਨਾਲ ਸੰਬੰਧਿਤ ਹੈ। ਆਪ ਫਰਮਾਉਂਦੇ ਹਨ :

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ।
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ।
ਮਨਿ ਸੰਤੋਖੁ ਸਰਬ ਜੀਅ ਦਇਆ।
ਇਨ ਬਿਧਿ ਬਰਤੁ ਸੰਪੂਰਨ ਭਇਆ।

(ਗਉੜੀ ਥਿਤੀ ਮਹਲਾ ੫)

ਗੁਰੂ ਜੀ ਨੇ ਉਪ੍ਰੋਕਤ ਪੰਕਤੀਆਂ ਵਿਚ ਉਸ ਵਰਤ ਦਾ ਨਿਰੂਪਣ ਕੀਤਾ ਹੈ, ਉਪਰ ਦਸੇ ਗਏ ਧਰਮ ਦੇ ੧੦ ਅੰਗਾਂ ਵਿਚੋਂ ਕਈ ਇਸ ਨਾਲ ਸੰਬੰਧਿਤ ਹਨ। ਜੇ ਏਨ੍ਹਾਂ ਪੰਕਤੀਆਂ ਅਨੁਸਾਰ ਵਰਤ ਰਖਿਆ ਜਾਵੇ ਤਦ ਉਹ ਧਰਮ ਦੇ ਨਿਯਮਾਂ ਅਨੁਸਾਰ ਪੂਰਨ ਵਰਤ ਹੈ। ਕਿਉਂਕਿ ਮਨ ਕਰਕੇ ਸੰਰੋਧ ਕੀਤਾ ਹੋਇਆ ਹੀ ਸਹੀ ਵਰਤ ਹੈ।

ਏਕਾਦਸ਼ੀ ਦੇ ਵਰਤ ਨੂੰ ਗੁਰਬਾਣੀ ਵਿਚ ਪੂਰਨ ਮਾਨਤਾ ਦਿਤੀ ਗਈ ਹੈ। ਭਟਾਂ ਦੇ ਸਵੈਯਾਂ ਵਿਚ ਏਕਾਦਸ਼ੀ ਨੂੰ ਬ੍ਰਹਮਚਰਜ ਦਾ ਵਰਤ ਰਖਣ ਵਾਲੇ ਰਾਜੇ ਰੁਕਮਾਂਗਦ ਦਾ ਵਰਣਨ ਸੰਕੇਤ ਰੂਪ ਵਿਚ ਮਿਲਦਾ ਹੈ।

ਇਸ ਰਾਜੇ ਨੇ ਆਪ ਅਤੇ ਆਪਣੀ ਪ੍ਰਜਾ ਨੂੰ ਏਕਾਦਸ਼ੀ ਵਾਲੇ ਦਿਨ ਬ੍ਰਹਮਚਰਜ ਵਰਤ ਵਿਚ ਰਹਿਣ ਲਈ ਪੂਰੀ ਤਰ੍ਹਾਂ ਪਾਬੰਦ ਕੀਤਾ ਹੋਇਆ ਸੀ। ਇਸ ਤੋਂ ਜਮਪੁਰੀ ਨੂੰ ਬਹੁਤ ਘਾਟਾ ਪਿਆ। ਰੁਕਮਾਂਗਦ ਦਾ ਵਰਤ ਭੰਗ ਕਰਨ ਲਈ ਅਪਸਰਾ ਭੇਜੀ ਗਈ। ਰਾਜਾ ਆਪਣੇ ਵਰਤ ਤੇ ਦ੍ਰਿੜ ਰਿਹਾ ਅਤੇ ਅਪਸਰਾ ਅਸਫਲ ਹੋ ਕੇ ਚਲੀ ਗਈ। ਭਟਾਂ ਦੇ ਸਵੈਯਾਂ ਵਿਚ ਲਿਖਿਆ ਹੈ :

'ਰੁਕਮਾਂਗਦ ਕਰਤੂਤ ਰਾਮ ਜੰਪਹੁ ਨਿਤ ਭਾਈ।'

ਧਰਮ ਵਿਚ ਦਇਆ ਨੂੰ ਵਿਸ਼ੇਸ਼ਤਾ ਦਿਤੀ ਗਈ ਹੈ। ਕਿਸੇ ਦਾ ਦੁਖ ਨਾ ਸਹਾਰਦੇ ਹੋਏ ਮਨ ਦਾ ਦ੍ਰਵ ਜਾਣਾ, ਉਸਦੀ ਨਵਿਰਤੀ ਕਰਨ ਦਾ ਜਤਨ ਕਰਨਾ ਚਾਹੇ ਆਪਣੇ ਆਪ ਨੂੰ ਭੀ ਕਸ਼ਟ ਸਹਾਰਨਾ ਪਵੇ, ਏਹ ਦਇਆ ਦੀ ਵਿਆਖਿਆ ਹੈ। ਗਿਆਨ ਪ੍ਰਬੋਧ ਵਿਚ ਦਸਮ ਪਾਤਸ਼ਾਹ ਨੇ ਲਿਖਿਆ ਹੈ :

'ਦਇਆਦਿ ਆਦਿ ਧਰਮੰ'

(ਛੰਦ ਅੰਕ ੧/੧੦੯)

ਚਾਣਕਯ ਨੇ ਭੀ ਇਸੇ ਤਥ ਦੀ ਪੁਸ਼ਟੀ ਕੀਤੀ ਹੈ :

ਦਯਾ ਧਰਮਸਯ ਜਨਮ ਭੂੰਮ।

(ਚਾਣਕਯ ਸੂਤ੍ਰ ੨੩੯)

ਆਪਸੰਬ ਸੂਤ੍ਰ ਵਿਚ ਲਿਖਿਆ ਹੈ :

ਯੰ ਕ੍ਰਿਯਮਾਣੰ ਤ੍ਰਾਰਯਾ: ਪ੍ਰਸੰਸੰਤਿ ਸ ਧਰਮਹ
ਯੰ ਗਰਹੰਤਿ ਸੋ ਅਧਰਮਹ

ਭਾਵ : ਜੋ ਕਰਮ ਸ੍ਰੇਸ਼ਟ ਪੁਰਸ਼ਾਂ ਦੁਆਰਾ ਸਲਾਹਿਆ ਗਿਆ ਹੈ ਉਹ ਧਰਮ ਹੈ ਅਤੇ ਜੋ ਨਿੰਦਿਆ ਗਿਆ ਹੈ ਉਹ ਅਧਰਮ ਹੈ।

ਧਰਮ ਨੂੰ ਆਦਿ ਗੁਰਬਾਣੀ ਵਿਚ ਬਹੁਤ ਵਿਸ਼ੇਸ਼ਤਾ ਦਿਤੀ ਗਈ ਹੈ। ਜਗ੍ਹਾ ਜਗ੍ਹਾ ਤੇ ਧਰਮ ਦੀ ਸੰਗ੍ਯਾ ਲਿਖੀ ਹੈ। ਵਿਸਥਾਰ ਦੇ ਭੈ ਤੋਂ ਕੁਝ ਸੰਕੇਤ ਇਥੇ ਦਿਤੇ ਜਾਂਦੇ ਹਨ। ਅਨੰਦ ਕਾਰਜ ਹੋਣਾ ਗ੍ਰਹਸਥੀ ਬਣਨਾ ਇਕ ਨਵਾਂ ਜੀਵਨ ਆਰੰਭ ਕਰਨਾ ਹੈ। ਅਨੰਦ ਵੇਲੇ ਪੜ੍ਹੀਆਂ ਜਾਣ ਵਾਲੀਆਂ ਲਾਵਾਂ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲੀ ਹੋਈ ਮ੍ਰਯਾਦਾ ਅਨੁਸਾਰ) ਵਿਚੋਂ ਪਹਿਲੀ ਲਾਵ ਵਿਚ ਧਰਮ ਦਾ ਵਰਣਨ ਖਾਸ ਕਰਕੇ ਕੀਤਾ ਗਿਆ ਹੈ :

ਬਾਣੀ ਬ੍ਰਹਮਾ ਵੇਦ 'ਧਰਮੁ' ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ।

'ਧਰਮ' ਦ੍ਰਿੜਹੁ ਹਰਿ ਨਾਮੁ ਧਿਆਵਹੁ
ਸਿਮ੍ਰਿਤਿ ਨਾਮੁ ਦ੍ਰਿੜਾਇਆ।
ਧਰਮੁ ਭੂਮਿ ਸਤੁ ਬੀਜੁ ਕਰਿ
ਐਸੀ ਕਿਰਸ ਕਮਾਵਹੁ। (ਪੰਨਾ ੪੧੮)
ਧਰਮ ਧੀਰਜ ਸਹਜ ਸੁਖੀਏ
ਸਾਧ ਸੰਗਤ ਹਰਿ ਭਜੇ (ਪੰਨਾ ੪੬੦)
ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ
ਅਘ ਪੁੰਜ ਤਰੰਗ ਨਿਵਾਰਨ ਕਉ। (੧੪੦੪)

ਧਰਮ ਦੇ ਨਿਯਮਾਂ ਵਿਚ ਰਹਿਣ ਨਾਲ ਪੁਰਸ਼ ਨੂੰ ਸੁਖ ਅਤੇ ਸ਼ੋਭਾ ਦੋਨੋਂ ਮਿਲਦੇ ਹਨ। ਇਤਿਹਾਸ ਵਿਚੋਂ ਐਸੇ ਅਨੇਕ ਪ੍ਰਮਾਣ ਮਿਲਦੇ ਹਨ ਕਿ ਸਾਡੇ ਪੂਰਵਜ ਕਿਤਨੇ ਹੀ ਐਸੇ ਹੋ ਚੁਕੇ ਹਨ ਜਿਨ੍ਹਾਂ ਨੇ ਅਸਹਿ ਕਸ਼ਟ ਸਹਾਰੇ ਪਰ ਧਰਮ ਨਹੀਂ ਤਿਆਗਿਆ।

ਸਿਖ ਇਤਿਹਾਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਸਭ ਤੋਂ ਪਹਿਲੇ ਹਨ ਜਿਨ੍ਹਾਂ ਨੇ ਸਰੀਰ ਤਿਆਗ ਦਿਤਾ, ਗਊ ਦੇ ਚੰਮ ਦਾ ਸਪਰਸ਼ ਨਹੀਂ ਕੀਤਾ, ਧਰਮ ਕਾਇਮ ਰਖਿਆ। ਚੰਦੂ ਨੇ ਆਪਣੀ ਲੜਕੀ ਦਾ ਨਾਤਾ

ਦੇਣ ਵਾਸਤੇ ਆਪ ਜੀ ਨੂੰ ਮਨਾਉਣ ਲਈ ਅਨੇਕ ਜਤਨ ਕੀਤੇ, ਕਸ਼ਟ ਦੇ ਕੇ ਦੇਖ ਲਿਆ ਕਿ ਕੋਈ ਪ੍ਰਵਾਹ ਨਹੀਂ ਕਰਦੇ । ਅੰਤ, ਧਰਮ ਤੋਂ ਬੇਧਰਮ ਕਰਨ ਦਾ ਜਤਨ ਕੀਤਾ ।

ਤਾਇ ਚਰਮ ਕੋ ਸ਼ੰਕਰ ਕੀਲਾ
ਲਪਟਾਵਹੁ ਤੁਹਿ ਜੰਬੁਕ ਝੀਲਾ

(ਗੁਰ ਪ੍ਰਤਾਪ ਸੂਰਜ)

ਜਦੋਂ ਗੁਰੂ ਜੀ ਨੇ ਗਊ ਦੇ ਚਮੜੇ ਦਾ ਸਪਰਸ਼ ਨਾ ਕੀਤਾ, ਸਰੀਰ ਤਿਆਗ ਦਿਤਾ ਤਦ ਚੰਦੂ ਉਥੇ ਗਿਆ ਜਿਥੇ ਗੁਰੂ ਜੀ ਦੀ ਪ੍ਰਾਣ ਰਹਿਤ ਦੇਹ ਪਈ ਹੋਈ ਸੀ ਅਤੇ ਉਪਰ ਚਾਦਰ ਓਢੀ ਹੋਈ ਸੀ । ਉਸ ਨੇ ਸਮਝਿਆ ਕਿ ਧਰਮ ਤੋਂ ਬੇਧਰਮ ਕਰਨ ਦੀ ਦਿਤੀ ਹੋਈ ਧਮਕੀ ਨੂੰ ਮੰਨ ਗਏ ਹਨ ਅਤੇ ਹੁਣ ਸਿਧੇ ਹੋਕੇ ਲੇਟੇ ਹੋਏ ਹਨ ।

ਅਬ ਸੂਧੇ ਭਾ ਮਾਨਹਿ ਨਾਤਾ ।
ਧਰਮ ਜਾਣ ਤੇ ਉਰ ਡਰਪਾਤਾ ।

(ਗੁਰ ਪ੍ਰਤਾਪ ਸੂਰਜ)

ਚੰਦੂ ਨੇ ਜਾਕੇ ਗੁਰੂ ਜੀ ਨੂੰ ਬੁਲਾਇਆ ਤਦ ਪਾਸ ਬੈਠੇ ਬਿਧੀ ਚੰਦ ਜੇਠਾ ਆਦਿਕ ਸਿਖਾਂ ਨੇ ਆਖਿਆ ਕਿ ਹੇ ਦੁਸ਼ਟਾ ਗੁਰੂ ਜੀ ਸਰੀਰ ਤਿਆਗ ਗਏ ਹਨ ਤੂੰ ਵਾਜਾਂ ਕਿਨ੍ਹਾਂ ਨੂੰ ਮਾਰਦਾ ਹੈਂ ?

ਇਸ ਤੋਂ ਬਾਦ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰਖਿਆ ਵਾਸਤੇ ਸਰੀਰ ਬਲੀਦਾਨ ਕੀਤਾ । ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ :

ਧਰਮ ਹੇਤ ਸਾਕਾ ਜਿਨ ਕੀਆ ।
ਸੀਸ ਦੀਆ ਪਰ ਸਿਰਰ ਨਾ ਦੀਆ ।

ਫੇਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਬਾਲ ਅਵਸਥਾ ਵਿਚ ਭੀ ਧਰਮ ਤੇ ਦ੍ਰਿੜ੍ਹ ਰਹੇ ਅਤੇ ਸਰੀਰ ਬਲੀਦਾਨ ਕਰ ਦਿਤੇ । ਇਸ ਤੋਂ ਪਿਛੋਂ ਬੰਦਾ ਬਹਾਦਰ, ਜਿਸਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ ਅਤੇ ਉਸਦੇ ਨਾਲ ਕਰੀਬ ੭੦੦ ਸਿੰਘ ਸ਼ਹੀਦ ਕੀਤੇ ਗਏ । ਏਹਨਾਂ ਨੂੰ ਦਿਲੀ ਦੇ ਉਸ ਸਮੇਂ ਦੇ ਬਾਦਸ਼ਾਹ ਫਰੁਖਸਿਯਰ ਨੇ ਆਪਣਾ ਧਰਮ ਛਡਣ ਅਤੇ ਇਸਲਾਮ ਕਬੂਲ ਕਰਨ ਵਾਸਤੇ ਬਹੁਤ ਤਸੀਹੇ ਦਿਤੇ । ਪਰ ਏਨ੍ਹਾਂ ਵਿਚੋਂ ਕਿਸੇ ਇਕ ਨੇ ਭੀ ਧਰਮ ਤੋਂ ਨਹੀਂ ਡੋਲਿਆ । ਬੰਦੇ ਬਹਾਦਰ ਤੋਂ ਮਹਾਰਾਜਾ ਰਣਜੀਤ ਸਿੰਘ ਦੇ, ਕਰੀਬ ਪੌਣੀ ਸਦੀ ਦੇ ਸਮੇਂ ਵਿਚ ਕਿਤਨੇ ਹੀ ਸਿੰਘ ਸ਼ਹੀਦ ਹੋਏ ਜਿਨ੍ਹਾਂ ਨੂੰ ਸ਼ਹੀਦ ਕਰਨ ਦਾ ਕਾਰਣ ਇਹੋ ਦਸਿਆ ਜਾਂਦਾ ਰਿਹਾ ਕਿ ਆਪਣਾ ਧਰਮ ਛਡੋ ਅਤੇ ਇਸਲਾਮ ਪ੍ਰਵਾਨ ਕਰੋ । ਪਰ ਧਰਮ ਕਿਸੇ ਨਹੀਂ ਛਡਿਆ ਪ੍ਰਾਣ ਦੇ ਦਿਤੇ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਿਛੋਂ ਪੰਜਾਬ ਵਿਚ ਅੰਗ੍ਰੇਜ਼ੀ ਰਾਜ ਦੀ ਸਥਾਪਨਾ ਹੋਣ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੰਘਾਂ ਨੇ ਅੰਮ੍ਰਿਤਸਰ ਰਾਇਕੋਟ ਅਤੇ ਮਲੇਰ ਕੋਟਲੇ ਧਰਮ ਦਾ ਅਪਮਾਨ ਨਾ ਸਹਾਰਦੇ ਹੋਏ ਅਦਭੁਤ ਬਲੀਦਾਨ ਕੀਤੇ । ਗਿ: ਗਿਆਨ ਸਿੰਘ ਜੀ ਲਿਖਦੇ ਹਨ :

ਖੁਸ਼ੀ ਹੋਇ ਦਏ ਸੀਸ, ਗਏ ਦੀਸ ਲੋਕ ਮਾਹਿ
ਕੋਟਲੇ ਮਲੇਰ ਕਿਤ ਸਾਕਾ ਯਸ ਔਰਧੇ ॥

(ਪੰਥ ਪ੍ਰਕਾਸ਼)

ਗਿਆਨੀ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਸਨ । ਉਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਸਿੰਘਾਂ ਦਾ ਤੇਜ ਪ੍ਰਤਾਪ ਵਧਦਾ ਅਤੇ ਅੰਗ੍ਰੇਜ਼ੀ ਸਰਕਾਰ ਨਾਲ ਵਿਰੋਧ, ਧਰਮ ਹੇਤ ਸ਼ਹੀਦੀਆਂ ਸਾਰਾ ਕੁਝ ਆਪਣੀ ਅਖੀਂ ਵੇਖਿਆ ਸੀ । ਪੰਥ ਪ੍ਰਕਾਸ਼ ਵਿਚ ਬੰਦੇ ਬਹਾਦਰ ਅਤੇ ਉਸਦੇ ਨਾਲ ਦੇ ਸਿੰਘਾਂ ਦੀ ਸ਼ਹੀਦੀ ਲਿਖਦੇ-ਲਿਖਦੇ ਉਨ੍ਹਾਂ ਨੂੰ ਨਾਮਧਾਰੀ ਸਿੰਘਾਂ ਦੇ ਅਖੀਂ ਡਿਠੇ ਹਾਲ ਯਾਦ ਵਿਚ ਆ ਗਏ । ਬੰਦਾ ਬਹਾਦਰ ਦਾ ਇਤਿਹਾਸ ਵਿਚ ਛਡਕੇ, ਨਾਮਧਾਰੀ ਸਿੰਘਾਂ ਦਾ ਅਖੀਂ ਡਿਠਾ ਹਾਲ ਲਿਖਣਾ ਸ਼ੁਰੂ ਕਰ ਦਿਤਾ :

ਦੋਹਰਾ

ਉਨ ਸਿੰਘਨ ਕਾ ਹਾਲ ਤੋਂ ਲਿਖਿਓ ਕਿਤਾਬਨ ਮਾਹਿ ।
ਹਮ ਨਿਜ ਨੈਨਨ ਜੋ ਪਿਖਿਓ, ਸੋਊ ਸਾਚ ਸੁਨਾਹਿ ।

ਚੌਪਈ

ਵੇਸਵਾ ਰਹਿੰਦੀ ਹੋਵੇ ਅਤੇ ਜਿਥੇ ਜੀਵ ਹਿੰਸਾ ਹੁੰਦੀ ਹੋਵੇ ਤੂੰ ਉਥੇ ਨਿਵਾਸ ਕਰ। ਕਲਿਜੁਗ ਨੇ ਫੇਰ ਆਖਿਆ ਕਿ ਏਨ੍ਹਾਂ ਥੋੜ੍ਹੇ ਸਥਾਨਾਂ ਤੇ ਮੇਰਾ ਸਾਰਾ ਪਰਿਵਾਰ ਕਿਵੇਂ ਰਹੇਗਾ? ਮੈਨੂੰ ਕੋਈ ਹੋਰ ਜਗ੍ਹਾ ਭੀ ਦਸੋ। ਤਦ ਰਾਜਾ ਪ੍ਰੀਛਤ ਨੇ ਆਖਿਆ ਕਿ ਜਿਸ ਲੋਭੀ ਪੁਰਸ਼ ਪਾਸ ਧਨ ਅਤੇ ਸੋਨਾ ਬਹੁਤ ਹੋਵੇ, ਪਰ ਉਹ ਦਾਨ ਪੁੰਨ ਅਤੇ ਧਰਮ ਦੇ ਕੰਮਾਂ ਵਾਸਤੇ ਇਸਦੀ ਵਰਤੋਂ ਨਾ ਕਰਦਾ ਹੋਵੇ, ਉਥੇ ਭੀ ਅਪਣਾ ਨਿਵਾਸ ਕਰ ਸਕਦਾ ਹੈਂ। ਇਸ ਤੋਂ ਬਿਨਾ ਹੋਰ ਕਿਸੇ ਜਗ੍ਹਾ ਤੂੰ ਨਿਵਾਸ ਕੀਤਾ ਤਦ ਤੈਨੂੰ ਜਿਊਂਦਾ ਨਹੀਂ ਛਡਾਂਗਾ।

ਰਾਜਾ ਪ੍ਰੀਛਤ ਸ੍ਵਰਨ ਮੁਕਟ ਧਾਰਨ ਕਰਕੇ ਸ਼ਿਕਾਰ ਗਿਆ, ਬੁਧੀ ਭ੍ਰਿਸ਼ਟ ਹੋਣ ਕਰਕੇ ਜੀਵ ਹਿੰਸਾ ਕੀਤੀ ਅਤੇ ਸ਼ਮੀਕ ਰਿਖੀ ਦੇ ਗਲ ਵਿਚ ਮਰਿਆ ਹੋਇਆ ਸਪ ਪਾ ਦਿਤਾ। ਸ਼ਮੀਕ ਦੇ ਪੁਤ੍ਰ ਸ੍ਰਿੰਗੀ ਨੇ ਸਰਾਪ ਦੇ ਦਿਤਾ ਕਿ ਜਿਸਨੇ ਮੇਰੇ ਪਿਤਾ ਦੇ ਗਲ ਮਰਿਆ ਸਪ ਪਾਇਆ ਹੈ, ਉਸ ਨੂੰ ਅੱਜ ਤੋਂ ਸਤ ਦਿਨਾਂ ਤਕ, ਤਛਕ ਨਾਗ ਲੜੇ ਅਤੇ ਉਸਦੀ ਮ੍ਰਿਤਯੂ ਹੋ ਜਾਵੇ। ਇਸ ਸਾਰਾ ਕੁਛ ਦਾ ਪਤਾ ਜਦੋਂ ਸ਼ਮੀਕ ਨੂੰ ਲਗਾ ਤਾਂ ਉਸਨੇ ਪੁਤ੍ਰ ਨੂੰ ਬਹੁਤ ਤਾੜਨਾ ਕੀਤੀ ਕਿ ਤੂੰ ਕ੍ਰੋਧ ਵਸ ਹੋਕੇ ਐਸੇ ਧਰਮੀ ਰਾਜੇ ਨੂੰ ਸਰਾਪ ਦੇ ਦਿਤਾ ਹੈ ਜਿਸ ਦੇ ਰਾਜ ਵਿਚ ਰਿਖੀ, ਬ੍ਰਾਹਮਣ, ਗਊਆਂ ਸਭ ਸੁਖ ਲੈਂਦੇ ਸਨ ਅਤੇ ਸਭ ਲੋਕ ਅਪਣੇ ਅਪਣੇ ਧਰਮ ਵਿਚ ਚਲਦੇ ਸਨ। ਇਸ ਰਾਜੇ ਦੀ ਮ੍ਰਿਤਯੂ ਤੋਂ ਬਾਦ ਸ੍ਰਿਸ਼ਟੀ ਤੋਂ ਧਰਮ ਸਮਾਪਤ ਹੋ ਜਾਏਗਾ ਅਤੇ ਕਲਿਜੁਗ ਪੂਰਨ ਰੂਪ ਵਿਚ ਵਰਤ ਜਾਏਗਾ।

ਧਰਮ ਦੀ ਹਾਨੀ, ਰਾਜਾ ਅਤੇ ਪ੍ਰਜਾ ਦੋਹਾਂ ਲਈ ਭਾਰੀ ਕਸ਼ਟਕਾਰੀ ਹੈ। ਜਦੋਂ ਜਦੋਂ ਧਰਮ ਦੀ ਹਾਨੀ ਹੋਈ ਓਦੋਂ-੨ ਹੀ ਧਰਤੀ ਦੀ ਪੁਕਾਰ ਸੁਣਕੇ ਪ੍ਰਮੇਸਰ ਨੇ ਕਿਸੇ ਨਾ ਕਿਸੇ ਰੂਪ ਵਿਚ ਆਕੇ ਦੁਖੀ ਜੀਵਾਂ ਦੀ ਸਾਰ ਲਈ ਅਤੇ ਅਧਰਮ ਕਰਨ ਵਾਲਿਆਂ ਨੂੰ ਡੰਨ ਦਿਤਾ।

ਭਗਵਾਨ ਸ੍ਰੀ ਰਾਮਚੰਦ੍ਰ ਜੀ ਦੇ ਅਵਤਾਰ ਹੋਣ ਵੇਲੇ ਦਾ ਵਰਣਨ ਕਰਦੇ ਹੋਏ ਤੁਲਸੀ ਦਾਸ ਜੀ ਲਿਖਦੇ ਹਨ:

ਜਬ ਜਬ ਹੋਇ ਧਰਮ ਕੀ ਹਾਨੀ।
ਬਾਢਹਿ ਅਸੁਰ ਅਧਮ ਅਭਿਮਾਨੀ।
ਆਪ ਪ੍ਰਭੂ ਧਰ ਮਨੁਜ ਸਰੀਰਾ।
ਹਰਹਿ ਕ੍ਰਿਪਾ ਨਿਧ ਸਜਨ ਪੀਰਾ।

ਅਕਾਲ ਪੁਰਖ ਆਪ ਦੇਹ ਧਾਰਕੇ ਸ੍ਰਿਸ਼ਟੀ ਤੇ ਆਉਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੋਵੀ ਅਵਤਾਰਾਂ ਦੀ ਕਥਾ ਦੇ ਆਰੰਭ ਵਿਚ ਇਸ ਸੰਬੰਧ ਵਿਚ ਏਹ ਪੰਕਤੀਆਂ ਲਿਖੀਆਂ ਹਨ:

ਜਬ ਜਬ ਹੋਤ ਅਰਿਸਟ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ।

ਭਗਵਾਨ ਕ੍ਰਿਸ਼ਨ ਨੇ ਏਸੇ ਭਾਵ ਦਾ ਵਰਣਨ ਗੀਤਾ ਵਿਚ ਕੀਤਾ ਹੈ:

ਯਦਾ ਯਦਾ ਧਰਮਸਯ ਗਿਲਾਨਿਰ ਭਵਤੀਭਾਰਤ।
ਅਭਯੁਤ ਥਾਨੰਧਰਮਸਯ ਤਦਾਤਮਾਨੰ ਸ੍ਰਿਜਾਮਯਹਮ।
ਪਰਿਤ੍ਰਾਣਾਯ ਸਾਧੂਨਾਮ ਵਿਨਾਸ਼ਾਯ: ਦੁਸ਼ਕ੍ਰਿਤਾਮ।
ਧਰਮ ਸੰਸਥਾਪਨਾਰਥ ਸੰਭਵਾਮਿ ਯੁਗਹ ਯੁਗਹ।

(ਭਗਵਦ ਗੀਤਾ ਸਲੋਕ ੭-੮ ਅਧ: ੪)

ਧਰਮ ਇਕ ਐਸੀ ਵਸਤੂ ਹੈ ਜਿਸਦਾ ਅਭਾਵ ਹੋਣ ਨਾਲ ਸੰਸਾਰ ਅਸੰਤੁਲਿਤ ਹੋ ਜਾਂਦਾ ਹੈ ਅਤੇ ਕਈ ਪ੍ਰਕਾਰ ਦੇ ਵਡੇ ਵਡੇ ਦੁਖ ਖੜੇ ਹੋ ਜਾਂਦੇ ਹਨ। ਪ੍ਰਮੇਸਰ ਨੇ ਸ੍ਰਿਸ਼ਟੀ ਦੀ ਸਾਜਨਾ ਵੇਲੇ ਜਿਥੇ ਜਿਥੇ ਕਿਸੇ ਦਾ ਸਥਾਨ ਨਿਸ਼ਚਿਤ ਕਰ ਦਿਤਾ ਹੈ ਉਸਦਾ ਉਸੇ ਸਥਾਨ ਜਾਂ ਪਦਵੀ ਤੇ ਰਹਿਣਾ ਸੁਖਦਾਈ ਅਤੇ ਸੋਭਨੀਕ ਹੈ। ਪਿਤਾ ਨੂੰ ਯੋਗ ਸਤਿਕਾਰ ਅਤੇ ਪਿਤਾ ਲਈ ਪੁਤ੍ਰ ਦਾ ਪਿਆਰ ਅਤੇ ਸਤਿਕਾਰ, ਏਸੇ ਤਰ੍ਹਾਂ ਮਾਤਾ ਦਾ ਭੈਣਾਂ ਦਾ ਭਰਾਵਾਂ ਦਾ ਲੜਕੀਆਂ ਅਤੇ ਹੋਰ ਸੰਬੰਧੀਆਂ ਦਾ ਯੋਗ ਸਤਿਕਾਰ ਕਰਨਾ ਭੀ ਧਰਮ ਦਾ ਹੀ ਵਿਸ਼ੇਸ਼ ਅੰਗ ਹੈ।

ਸਾਧੂਆਂ ਦਾ ਸਤਿਕਾਰ, ਰਾਜੇ ਦਾ ਸਤਿਕਾਰ ਅਪਣੇ ਅਪਣੇ ਸਥਾਨ ਤੇ ਅਪਣੀ ਵਿਸ਼ੇਸ਼ਤਾ ਰਖਦੇ ਹਨ। ਜਿਨ੍ਹਾਂ ਨੇ ਗੁਰੂ ਧਾਰਨ ਕੀਤਾ ਹੋਵੇ, ਉਨ੍ਹਾਂ ਦਾ

ਉਨ ਚਿਤ ਹੁਕਮ ਅੰਗ੍ਰੇਜੀ ਆਇਓ ।
ਇਨ ਕੇ ਤੋਪਨ ਸੰਗ ਉਡਾਇਓ ।
ਜਬ ਜਲ ਹੁਕਮ ਉਨੈ ਸੁਨ ਪਾਇਓ ।
ਖੁਸੀ ਭਏ ਅਤਿ ਹੀਅ ਹੁਲਸਾਇਓ ।
ਮੁਖ ਪਰ ਲਾਲੀ ਚੜ੍ਹੀ ਬਧੇਰੇ ।
ਗਾਵਤ ਗੁਰ ਕੇ ਸਬਦ ਉਚੇਰੇ ।
ਦੀਵ ਵਿਸ ਜਿਉ ਜਾਇ ਪਤੰਗੇ ।
ਤਿਓਂ ਤੋਪਨ ਵਿਸ ਜਾਹਿੰ ਉਮੰਗੇ ।

ਯਹ ਹਮਨੈ ਨਿਜ ਨੈਨ ਨਿਹਾਰੇ
ਦੇਖਤ ਥੇ ਜੋ ਲੋਕ ਅਪਾਰੇ

(ਪੰਥ ਪ੍ਰਕਾਸ਼,
ਛਾਪਕ ਭਾਸ਼ਾ ਵਿਭਾਗ, ਪੰਨਾ ੫੧੯)

ਨਾਮਧਾਰੀ ਸਿੰਘਾਂ ਨੇ ਉਪ੍ਰੋਕਤ ਬਲੀਦਾਨ ਕਿਸੇ ਸਥਾਨ ਦਾ ਕਬਜ਼ਾ ਲੈਣ ਵਾਸਤੇ ਜਾਂ ਕਿਸੇ ਪ੍ਰਕਾਰ ਦੀ ਸੰਪਤੀ ਲੈਣ ਵਾਸਤੇ ਨਹੀਂ ਦਿਤੇ, ਨਾ ਹੀ ਇਸ ਵਾਸਤੇ ਦਿਤੇ ਕਿ ਸਾਡੇ ਨਾਮ ਅਖ਼ਬਾਰਾਂ ਵਿਚ ਛਾਪੇ ਜਾਣਗੇ ਅਤੇ ਸੋਭਾ ਹੋਏਗੀ। ਕੇਵਲ ਧਰਮ ਦੀ ਹਾਨੀ ਨਾ ਸਹਿਨ ਕਰਦਿਆਂ ਇਹ ਬਲੀਦਾਨ ਦਿਤੇ ਸਨ।

ਸਿੱਖ ਪੰਥ ਨੂੰ ਅਜ. ਗੌਰਵ ਹੈ ਕਿ ਪਿਛਲੀਆਂ ਪੌਣੀਆਂ ਚਾਰ ਸਦੀਆਂ ਵਿਚ ਜੋ ਸ਼ਹੀਦੀਆਂ ਧਰਮ ਦੀ ਰਖਿਆ ਵਾਸਤੇ ਸਤਿ ਗੁਰੂਆਂ ਅਤੇ ਸਿਖਾਂ ਨੇ ਦਿਤੀਆਂ ਹਨ ਇਹਨਾਂ ਦਾ ਪ੍ਰਮਾਣ ਹੋਰ ਕਿਤੋਂ ਨਹੀਂ ਮਿਲਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਬਾਰੇ ਲਿਖਦੇ ਹਨ, ਅਸੀਂ ਇਸ ਲੋਕ (ਮਾਤ ਲੋਕ) ਵਿਚ ਨਹੀਂ ਆਉਣਾ ਚਾਹੁੰਦੇ ਸਾਂ, ਪ੍ਰੰਤੂ ਅਕਾਲ ਪੁਰਖ ਨੇ ਹੁਕਮ ਆਖ ਕੇ ਭੇਜਿਆ ਕਿ ਮੈਂ ਤੁਹਾਨੂੰ ਅਪਣਾ ਸਪੁਤ੍ਰ ਸਥਾਪਿਤ ਕਰਦਾ ਹਾਂ ਤੁਸੀਂ ਜਾਕੇ ਧਰਮ ਦਾ ਪ੍ਰਚਾਰ ਕਰੋ ਅਤੇ ਧਰਮ ਦੇ ਵਿਰੋਧੀਆਂ ਦਾ ਨਾਸ ਕਰੋ।

ਚਿਤ ਨਾ ਭਇਓ ਹਮਰੋ ਆਵਨ ਕਹ
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ
× ×
ਜਿਉਂ ਤਿਉਂ ਪ੍ਰਭ ਹਮ ਕੋ ਸਮਝਾਯੋ ।
ਇਮ ਕਹਿ ਕੈ ਇਹ ਲੋਕ ਪਠਾਯੋ ॥
× ×
ਮੈਂ ਅਪਨਾ ਸੁਤ ਤੋਹਿ ਨਿਵਾਜਾ
ਜਾਹਿ ਜਹਾਂ ਤੈ ਧਰਮੁ ਚਲਾਇ
ਕਬੁਧਿ ਕਰਨ ਤੇ ਲੋਕ ਹਟਾਇ
× ×
ਯਾਹੀ ਕਾਜ ਧਰਾ ਹਮ ਜਨਮ
ਸਮਝ ਲੇਹੁ ਸਾਧ ਸਭ ਮਨਮੈਂ
ਧਰਮ ਚਲਾਵਨ ਸੰਤ ਉਬਾਰਨ
ਦੁਸਟ ਸਭਨ ਕੋ ਮੂਲ ਉਪਾਰਨਿ ।

(ਬਚਿਤ੍ਰ ਨਾਟਕ ਦਸਮ ਗ੍ਰੰਥ)

ਭਾਗਵਤ ਪੁਰਾਣ ਵਿਚ ਲਿਖਿਆ ਹੈ, ਦੁਆਪਰ ਦੇ ਅੰਤ ਅਤੇ ਕਲਿਜੁਗ ਦੇ ਆਰੰਭ ਸਮੇਂ, ਅਰਜਨ ਦੇ ਪੋਤਰੇ ਪ੍ਰੀਛਤ ਦਾ ਰਾਜ ਸੀ। ਪ੍ਰੀਛਤ ਬੜਾ ਪ੍ਰਤਾਪੀ ਅਤੇ ਚਕ੍ਰਵਰਤੀ ਰਾਜਾ ਸੀ। ਉਸਨੇ ਧਰਮ ਰੂਪ ਬੈਲ ਦੇਖਿਆ ਜਿਸ ਦੇ ਤਿੰਨ ਪੈਰ ਕਟੇ ਹੋਏ ਸਨ ਅਤੇ ਇਕ ਸ਼ੂਦ੍ਰ ਰਾਜਾ ਉਸ ਨੂੰ ਤਾੜਨਾ ਕਰ ਰਿਹਾ ਹੈ। ਪ੍ਰੀਛਤ ਨੇ ਕਲਿਜੁਗ ਨੂੰ, ਜੋ ਉਸ ਸੂਦ੍ਰ ਰਾਜੇ ਦੇ ਰੂਪ ਵਿਚ ਧਰਮ ਰੂਪ ਬੈਲ ਨੂੰ ਧਮਕਾ ਰਿਹਾ ਸੀ, ਤਲਵਾਰ ਲੈਕੇ ਮਾਰ ਦੇਣਾ ਚਾਹਿਆ। ਕਲਿਜੁਗ ਵਿਕਰਾਮ ਨਮ੍ਰ ਭਾਵ ਹੋਕੇ ਪ੍ਰੀਛਤ ਦੇ ਪੈਰਾਂ ਤੇ ਡਿਗ ਪਿਆ ਅਤੇ ਬੇਨਤੀ ਕੀਤੀ ਕਿ ਬ੍ਰਹਮਾ ਜੀ ਨੇ ਚਾਰ ਜੁਗ—ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ—ਬਣਾਏ ਹਨ ਅਤੇ ਇਨ੍ਹਾਂ ਦਾ ਅਪਣਾ ਅਪਣਾ ਸਮਾਂ ਨਿਰਧਾਰਤ ਕੀਤਾ ਹੈ। ਇਸ ਵੇਲੇ ਸਤਿਜੁਗ, ਤ੍ਰੇਤਾ ਅਤੇ ਦੁਆਪਰ ਅਪਣਾ ਸਮਾਂ ਪੂਰਾ ਕਰ ਚੁਕੇ ਹਨ। ਹੁਣ ਮੈਂ ਕਲਿਜੁਗ ਰਹਿੰਦਾ ਹਾਂ ਅਤੇ ਮੇਰਾ ਸਮਾਂ ਆਰੰਭ ਹੋ ਚੁਕਾ ਹੈ। ਤੁਸੀਂ ਕਹਿੰਦੇ ਹੋ ਕਿ ਮੈਂ ਤੁਹਾਡੇ ਰਾਜ ਤੋਂ ਬਾਹਰ ਹੋ ਜਾਵਾਂ। ਤੁਹਾਡਾ ਰਾਜ ਸਤਾਂ ਦੀਪਾਂ ਵਿਚ ਫੈਲਿਆ ਹੋਇਆ ਹੈ। ਆਪ ਹੀ ਦਸੋ ਮੈਂ ਕਿਥੇ ਅਪਣਾ ਨਿਵਾਸ ਕਰਾਂ?

ਰਾਜਾ ਪ੍ਰੀਛਤ ਨੇ ਕਿਹਾ, ਹੇ ਕਲਿਜੁਗ ਜਿਥੇ ਜੂਆ ਖੇਡਦੇ ਹੋਣ, ਜਿਥੇ ਸ਼ਰਾਬ ਵਿਕਦੀ ਹੋਵੇ, ਜਿਥੇ

ਸਤਿਕਾਰ; ਜਿਨ੍ਹਾਂ ਤੋਂ ਕੋਈ ਗੁਣ ਸਿਖਿਆ ਹੋਵੇ, ਉਨ੍ਹਾਂ ਦਾ ਸਤਿਕਾਰ ਕਰਨਾ ਸਿਖਣ ਵਾਲੇ ਦਾ ਧਰਮ ਹੈ। ਚਾਰ ਵਰਣ ਜੋ ਸਾਡੇ ਪੂਰਵ ਮਹਾਂਪੁਰਖਾਂ ਨੇ ਸਥਾਪਿਤ ਕੀਤੇ ਹਨ, ਉਨ੍ਹਾਂ ਦੀ ਆਪਣੀ ਮਰਯਾਦਾ ਹੈ। ਜੇ ਕੋਈ ਮਰਯਾਦਾ ਦਾ ਉਲੰਘਨ ਕਰਦਾ ਹੈ, ਤਾਂ ਉਹ ਵਰਣ ਗਲਤ ਨਹੀਂ ਹੋ ਜਾਂਦਾ। ਗਲਤੀ ਤਾਂ ਉਸ ਆਦਮੀ ਦੀ ਹੈ ਜੋ ਮਰਯਾਦਾ ਭੰਗ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਮਰਯਾਦਾ ਭੰਗ ਕਰਨ ਵਾਲਿਆਂ ਨੂੰ ਅਧਰਮੀ ਤਾਂ ਨਹੀਂ ਆਖਿਆ ਪਰ ਉਹ ਸਾਰਾ ਕੁਛ ਆਖ ਦਿਤਾ ਜਿਸ ਦਾ ਭਾਵ 'ਅਧਰਮੀ' ਹੀ ਹੈ। ਧਨਾਸਰੀ ਰਾਗ ਵਿਚ ਆਪ ਲਿਖਦੇ ਹਨ :

ਖਤ੍ਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ।
ਸ੍ਰਿਸਟ ਸਭ ਇਕ ਵਰਨ ਹੋਈ ਧਰਮ ਕੀ ਗਤ ਰਹੀ।

ਇਥੇ ਗੁਰੂ ਜੀ ਨੇ ਖਤ੍ਰੀਆਂ ਦਾ ਨਾਮ ਲਿਆ ਹੈ ਪਰ ਅਗਲੀ ਪੰਗਤੀ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਚਾਰੇ ਵਰਣ ਆਪਣੀ ਆਪਣੀ ਮਰਯਾਦਾ ਦਾ ਉਲੰਘਨ ਕਰਕੇ 'ਇਕ ਵਰਣ' ਹੋ ਗਏ ਹਨ ਅਤੇ ਧਰਮ ਤੋਂ ਦੂਰ ਚਲੇ ਗਏ ਹਨ। ਵਰਣਆਸ਼੍ਰਮ ਦੀਆਂ ਜੋ ਮਰਯਾਦਾਂ ਸਥਾਪਿਤ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਭੰਗ ਹੋ ਜਾਣਾ ਭਾਰੀ ਉਪਦ੍ਰਵ ਹੈ।

ਕਲਕੀ ਅਵਤਾਰ ਦੇ ਪ੍ਰਸੰਗ ਵਿਚ ਦਸਮ ਪਾਤਸ਼ਾਹ ਨੇ ਲਿਖਿਆ ਹੈ :

ਸੰਕਰ ਬਰਣ ਪ੍ਰਜਾ ਸਭ ਹੋਈ
ਏਕ ਜਾਤਿ ਕੋ ਰਹਾ ਨ ਕੋਈ
ਅਤਿ ਬਿਭਚਾਰ ਭਜੀ ਸਰਨਾਰੀ
ਧਰਮ ਰੀਤ ਕੀ ਪ੍ਰੀਤ ਬਿਸਾਰੀ
ਘਰ ਘਰ ਝੂਠ ਅਸਤਯਾ ਭਈ
ਸਾਚ ਕਲਾ ਸਗਿ ਕੀ ਦੂਰ ਗਈ

ਨਿਰਲਜ ਹੋਏ ਜੋ ਮਾਤਾ ਪਿਤਾ ਦੀ ਨਿੰਦਾ ਕਰਦੇ ਹਨ ਅਤੇ ਆਪਣੇ ਵਰਣ ਦੀ ਮਰਯਾਦਾ ਤੋਂ ਦੂਰ ਹੋ ਬੈਠਦੇ ਹਨ ਉਨ੍ਹਾਂ ਬਾਰੇ ਦਸਮੇਸ਼ ਜੀ ਨੇ ਲਿਖਿਆ ਹੈ

ਤਜੀ ਆਨ ਜਹਾਨ ਕਾਨ ਕਾਹੂ ਨਹੀ ਮਾਨਹਿ।
ਤਾਤ ਮਾਤ ਕੀ ਨਿੰਦਾ ਨੀਚ ਉਚਰ ਸਭ ਜਾਨਹਿ।
ਧਰਮ ਕਰਮ ਕੋ ਗਹਿਓ ਭਈ ਇਕ ਬਰਣ ਪ੍ਰਜਾ ਸਭ

ਧਰਮ ਤੋਂ ਅਧਰਮ ਵਲ ਗਿਆਂ ਨੂੰ ਰਾਹੇ ਲਿਆਇਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਫਿਰ ਸਿੱਖੀ ਸੁਰਜੀਤ ਕੀਤੀ ਅਤੇ ਧਰਮ ਕਰਮ ਵਿਚ ਪਕਣ ਦਾ ਉਪਦੇਸ਼ ਦਿਤਾ। ਆਪ ਜੀ ਨੇ ਘੋਰ ਕਲਿਜੁਗ ਵਿਚ ਸਤਿਜੁਗ ਵਰਤਾਕੇ ਵਿਖਾ ਦਿਤਾ। ਉਹ ਵਿਦੇਸ਼ੀ ਰਾਜੇ, ਜਿਨ੍ਹਾਂ ਨੇ ਅਣਗਿਣਤ ਦੇਸ਼ ਵਾਸੀਆਂ ਨੂੰ ਅਧਰਮੀ ਬਣਾਕੇ, ਇਕ ਵਰਣ ਹੋ ਜਾਣ ਦੇ ਲਾਰੇ ਦੇਕੇ ਬਹੁਤੇ ਲੋਕ ਅਸਲੋਂ ਹੀ ਸ਼ਕਤੀ ਹੀਨ ਬਣਾ ਦਿਤੇ। ਉਨ੍ਹਾਂ ਵਿਦੇਸ਼ੀਆਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਧਰਮ ਪ੍ਰਚਾਰ ਤੋਂ ਬਹੁਤ ਡਰ ਹੋਇਆ। ਕਈ ਕਾਰਣ ਬਣਾਕੇ ਸ੍ਰੀ ਸਤਿਗੁਰੂ ਜੀ ਨੂੰ ਦੇਸ਼ ਨਿਰਵਾਸਤ ਕੀਤਾ। ਸ੍ਰੀ ਸਤਿਗੁਰੂ ਜੀ ਨੇ ਓਥੇ ਹੁੰਦਿਆਂ ਜੋ ਹੁਕਮ ਨਾਮਾ ਸਾਰੀ ਸੰਗਤ ਦੇ ਨਾਮ ਲਿਖਿਆ ਉਸ ਵਿਚ ਆਪ ਜੀ ਨੇ ਵਿਸ਼ੇਸ਼ ਕਰਕੇ ਆਗਿਆ ਕੀਤੀ ਹੈ :]

"ਸਭ ਨੇ ਹਥ ਜੋੜਕੇ
ਪਰਮੇਸਰ ਅਗੇ ਜੇ ਹੋ
ਮਹਾਰਾਜ ਸਾਡਾ ਧਰਮ
ਬਣਿਆਂ ਰਹੇ ਜੀ"

ਕਲਿਜੁਗ ਦਾ ਘੋਰ ਅਨ੍ਹੇਰਾ, ਭੁਖ ਅਤੇ ਦੁਖ ਵਿਚ ਤਬਾਹੀ ਵਲ ਦੁੜਦਾ ਜਾ ਰਿਹਾ ਸੰਸਾਰ ਨਜ਼ਰ ਆ ਰਿਹਾ ਹੈ। ਕੋਈ ਸੰਸਾਰਕ ਸ਼ਕਤੀ ਇਸ ਨੂੰ ਰੋਕ ਨਹੀਂ ਸਕਦੀ, ਜਿਸ ਦਾ ਕਾਰਣ ਅਧਰਮ ਦਾ ਫੈਲਾਉ ਹੈ। ਅਸੀਂ ਭਾਰਤਵਾਸੀ ਵੀ ਆਪਣੀ ਸਭਿਅਤਾ ਛਡਕੇ, ਧਰਮ ਛਡਕੇ ਇਸੇ ਹੀ ਰਸਤੇ ਪੈ ਚੁਕੇ ਹਾਂ ਜਿਸਨੇ ਸਾਡੇ ਮਨ ਦੀਆਂ ਭਾਵਨਾਵਾਂ ਬਦਲ ਦਿਤੀਆਂ ਹਨ। ਇਕੋ ਖੂਨ, ਇਕੋ ਸੰਤਾਨ ਸਦੀਆਂ ਤੋਂ ਚਲੀ ਆ ਰਹੀ ਹੈ, ਪਰ ਅੰਧਰਮ ਹੋਣ ਕਰਕੇ ਇਕ ਦੂਜੇ ਦੇ ਖੂਨ ਦੇ ਪਿਆਸੇ ਬਣ ਬੈਠੇ ਹਾਂ। ਕਿਤਨਾ ਦੁਰਭਾਗਯ ਹੈ!

ਸਭ ਦਾ ਕਰਤਵਯ ਇਹ ਬਣਦਾ ਹੈ ਕਿ ਆਪਣੇ ਆਪਣੇ ਇਸ਼ਟ ਦੀ ਆਰਾਧਨਾ ਕਰਕੇ ਧਰਮ ਰੀਤਿ ਵਿਚ ਚਲਣ ਦੀ ਬਲ ਬੁਧੀ ਮੰਗੋ, ਆਪਣੇ ਸਤਿਗੁਰੂ ਅਤੇ ਧਰਮ ਤੇ ਪੂਰਨ ਵਿਸ਼ਵਾਸ ਰਖੋ। □

ਸਾਡਾ ਪਹਿਰਾਵਾ

ਦਲੀਪ ਸਿੰਘ ਨਾਮਧਾਰੀ
ਲੁਧਿਆਣਾ

"ਜਾਮ ਕਹੇ ਸੇਤੰਬਰ ਸੁਆਮੀ
ਸਚਿ ਮਹਿ ਆਛੈ ਸਾਚਿ ਰਹੇ ।"

(ਆਸਾ ਦੀ ਵਾਰ)

ਗੁਰਬਾਣੀ ਉਪ੍ਰੋਕਤ ਸ਼ਬਦਾਂ ਵਿਚ ਦਰਸਾਉਂਦੀ ਹੈ ਕਿ ਸਤਿਜੁਗ ਦੇ ਸਮੇਂ ਦਾ ਪਹਿਰਾਵਾ ਸਫ਼ੇਦ ਹੈ । ਵੈਸੇ ਵੀ ਸਫ਼ੇਦ ਰੰਗ ਅਮਨ ਏਕਤਾ ਤੇ ਸਦਭਾਵਨਾ ਦਾ ਪ੍ਰਤੀਕ ਹੋਣ ਕਰਕੇ ਸਭ ਰੰਗਾਂ ਤੋਂ ਉਤਮ ਮੰਨਿਆ ਗਿਆ ਹੈ । ਬਾਕੀ ਦੇ ਰੰਗ ਲਾਲ, ਹਰਾ, ਪੀਲਾ, ਸੰਤਰੀ ਤੇ ਨੀਲਾ-ਕਾਲਾ ਇਸ ਤੋਂ ਹੇਠਾਂ ਹਨ । ਹਰ ਰੰਗ ਆਪਣਾ ਪ੍ਰਭਾਵ ਛਡਦਾ ਹੈ । ਸਤਿਜੁਗੀ ਪਹਿਰਾਵਾ ਹੋਣ ਦੇ ਨਾਤੇ ਸਫ਼ੇਦ ਬਸਤਰ ਦੂਜਾਂ ਜੁਗਾਂ ਤੋਂ ਚਲਦੇ ਆ ਰਹੇ ਹਨ । ਜੋਗੀ ਸੰਨਿਆਸੀਆਂ ਨੇ ਭਗਵੇ ਕਪੜੇ ਪਾ ਕੇ ਭੇਸ ਬਦਲ ਲਿਆ । ਇਸੇ ਤਰ੍ਹਾਂ ਕਲਿਜੁਗ ਦੇ ਸਮੇਂ ਵਿਚ ਮੁਸਲਮਾਨਾਂ ਨੇ ਕਾਲਾ-ਨੀਲਾ ਰੰਗ ਪਹਿਨਣਾ ਸ਼ੁਰੂ ਕਰ ਦਿਤਾ । ਗੁਰਬਾਣੀ ਦਾ ਇਹ ਸ਼ਬਦ

"ਕੋਈ ਓਢੈ ਨੀਲ (ਮੁਸਲਮਾਨ)
ਕੋਈ ਸਪੇਦ ।" (ਹਿੰਦੂ)

(ਸੰਤ ਫ਼ਤਹਿ ਸਿੰਘ ਜੀ ਗੁਰਦੁਆਰਾ ਗਜ਼ਟ 'ਚੋਂ') ਸਾਫ਼ ਦਰਸਾਉਂਦਾ ਹੈ ਕਿ ਨੀਲਾ ਰੰਗ ਮੁਸਲਮਾਨਾਂ ਦਾ ਲਿਬਾਸ ਹੈ ਤੇ ਸਪੇਦ ਹਿੰਦੂ ਧਰਮ ਦਾ ।

ਸਾਡਾ ਪਹਿਰਾਵਾ ਸਿਖ ਪ੍ਰੰਪਰਾ ਅਨੁਸਾਰ ਤੇ ਗੁਰੂ ਸਾਹਿਬਾਂ ਦੇ ਆਸ਼ੇ ਅਨੁਸਾਰ ਹੀ ਹੋਣਾ ਚਾਹੀਦਾ ਹੈ । ਸਭ ਗੁਰੂ ਸਾਹਿਬਾਨ ਨੇ ਸਫ਼ੇਦ ਬਸਤਰਾਂ ਨੂੰ ਹੀ ਪਹਿਨਿਆ ਹੈ । ਹਾਂ ਕਿਸੇ ਕੌਤਕ ਦੇ ਸਮੇਂ ਜੇ ਕਰ ਭੇਸ ਬਦਲਿਆ ਵੀ ਹੈ ਤਾਂ ਬਹੁਤ ਥੋੜੇ ਸਮੇਂ ਲਈ । ਫਿਰ ਗੁਰੂ ਤਾਂ ਸਮਰਥ ਹੁੰਦਾ ਹੈ ਤੇ ਉਸਦਾ ਵਿਚਰਨਾ ਇਸ ਦੁਨੀਆਂ ਨੂੰ ਸਿੱਧੇ ਰਾਹੇ ਪਾਉਣ ਹਿਤ ਹੀ ਹੁੰਦਾ ਹੈ । ਜੇ ਕਰ ਗੁਰੂ ਨਾਨਕ ਦੇਵ ਜੀ ਨੂੰ ਮੱਕੇ ਜਾਣ ਲਗਿਆਂ ਨੀਲੇ ਰੰਗ ਦੇ ਬਸਤਰ ਪਾਉਣੇ ਪਏ

"ਬਾਬਾ ਫਿਰ ਮਕੇ ਗਇਆ,
ਨੀਲ ਬਸਤ੍ਰ ਧਾਰੇ ਬਨਵਾਰੀ ॥"

—ਵਾਰ ੧, ਪਉੜੀ ੩੨

ਤਾਂ ਇਸ ਲਈ ਕਿ ਮੁਸਲਮਾਨਾਂ ਦਾ ਪਹਿਰਾਵਾ ਨੀਲਾ-ਕਾਲਾ ਸੀ ਅਤੇ ਮੱਕੇ ਜਾਣ ਲਈ ਮੁਸਲਮਾਨੀ ਭੇਖ ਬਣਾਉਣਾ ਬਹੁਤ ਜ਼ਰੂਰੀ ਸੀ, ਨਹੀਂ ਤਾਂ ਉਥੇ ਪਹੁੰਚਣਾ ਮੁਸ਼ਕਿਲ ਹੀ ਹੈ । ਮੱਕੇ ਦੀ ਯਾਤਰਾ ਤੋਂ ਬਾਅਦ ਗੁਰੂ ਸਾਹਿਬ ਨੇ ਉਹ ਬਸਤ੍ਰ ਫਿਰ ਨਹੀਂ ਪਹਿਨੇ । ਇਸੇ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਸਾਹਿਬ ਤੋਂ ਨਿਕਲਣ ਉਪ੍ਰੰਤ ਉੱਚ ਦੇ ਪੀਰ ਬਣਨ ਲਈ ਨੀਲਾ ਪਹਿਰਾਵਾ ਪਾਉਣਾ ਪਿਆ । ਨਾਨਕ ਪ੍ਰਕਾਸ਼ ਵਿਚ ਲਿਖਿਆ ਮਿਲਦਾ ਹੈ :—

"ਉਚ ਜਹਾਂ ਸਯਦ ਬਹੁ ਬਾਸੀ ।"

ਭਾਵ ਉਚ ਉਹ ਜਗ੍ਹਾ ਹੈ, ਜਿਥੇ ਬਹੁਤ ਸਯਦ ਵਸਦੇ ਹਨ । ਗੁਰੂ ਸਾਹਿਬ ਜੀ ਨੇ ਉੱਚ ਦੇ ਪੀਰ ਬਣਨ ਲਈ ਸਯਦਾਂ ਜੈਸਾ ਭੇਸ ਕੀਤਾ, ਜੋ ਇਸਲਾਮ ਧਰਮ

ਮੰਨਣ ਵਾਲਿਆਂ ਦਾ ਪਹਿਰਾਵਾ ਸੀ ।

ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਬਸਤ੍ਰਾਂ ਨਾਲ ਫਿਲਵੀਂ ਪੁਜੇ ਤਾਂ ਉਥੋਂ ਦੇ ਸੋਢੀ ਕੌਲ ਰਾਇ ਜੀ ਨੇ ਇਨ੍ਹਾਂ ਵਸਤ੍ਰਾਂ ਨੂੰ ਉਤਾਰਨ ਲਈ ਬੇਨਤੀ ਕੀਤੀ ਅਤੇ ਚਿੱਟੇ ਬਸਤ੍ਰ ਪਹਿਨਣ ਲਈ ਦਿਤੇ । ਭਾਈ ਸੰਤੋਖ ਸਿੰਘ ਜੀ ਇਸ ਬਾਰੇ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨੀਲੇ ਕਪੜੇ ਉਤਾਰ ਲੀਰ ਲੀਰ ਕਰ ਅੱਗ ਵਿਚ ਸਾੜੇ ਅਤੇ ਆਸਾ ਦੀ ਵਾਰ ਦੀ ਇਹ ਤੁਕ ਉਲਟਾਈ :—

"ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥"

ਜੂਲਤ ਅੰਗੀਠਾ ਅਗਨ ਅਗਾਰੀ ।
ਨੀਲਾਂਬਰ ਲੇ ਹਾਥ ਮਝਾਰੀ ।
ਲੀਰ ਪਾੜ ਕਰ ਤਿਸ ਤੇ ਸਤਿਗੁਰ ।
ਸ੍ਰੀ ਮੁਖ ਤੇ ਤੁਕ ਏਵ ਉਚਰ ਕਰ ।
ਨੀਲ ਬਸਤ੍ਰ ਲੇ ਕਪੜੇ ਫਾੜੇ
ਤੁਰਕ ਪਠਾਣੀ ਅਮਲੁ ਗਇਆ ।
ਪਠ ਕਰ ਤਤ ਛਿਨ ਲੀਰ ਜੁ ਕਰ ਮਹਿ
ਅਗਨ ਬਿਖੈ ਪਟ ਡਾਰ ਦਇਆ ।
ਪੁਨਹ ਪਾੜ ਕਰ ਤਿਮਹੀ ਪਠ ਕਰ
ਪਾਵਕ ਪਾਵਤ ਡਾਰ ਕਇਆ ।
ਚੀਰਤ ਚੀਰ ਕਰਤ ਲਘੁ ਲਘੁ ਕੋ
ਅਚਰਜ ਸਭ ਕੈ ਰਿਦੇ ਭਇਆ ।

ਇਸ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ "ਮਹਾਨ ਕੋਸ਼" ਪੰਨਾ ੫੬੫ ਤੇ ਲਿਖਦੇ ਹਨ :—

ਫਿਲਵਾਂ ਕਲਾਂ :—

"ਇਸ ਤੋਂ ਇਕ ਫਰਲਾਂਗ ਪੱਛਮ ਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ, ਜਿਥੇ ਕਲਗੀਧਰ ਸੋਢੀ ਸਾਹਿਬ ਕਉਲ ਜੀ ਦੇ ਘਰ ਬਿਰਾਜੇ ਹਨ । ਕਉਲ ਜੀ ਦੀ ਬੇਨਤੀ ਮੰਨ ਕੇ ਮਾਛੀਵਾੜੇ ਵਾਲਾ ਨੀਲਾ ਬਾਣਾ ਉਤਾਰ ਕੇ ਚਿੱਟੇ ਬਸਤਰ ਧਾਰਨ ਕੀਤੇ ।" ਗੁਰੂ ਸਾਹਿਬ ਨੇ ਨੀਲੀ ਚਾਦਰ ਅੱਗ ਵਿਚ ਸਾੜਨ ਸਮੇਂ ਬਚਨ ਕੀਤਾ :—

"ਨੀਲ ਬਸਤ੍ਰ ਲੈ ਕਪੜੇ ਫਾਰੇ
ਤੁਰਕ ਪਠਾਣੀ ਅਮਲ ਗਇਆ ।"

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਸਵਰਗੀ ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ ਇਸ ਘਟਨਾ ਨੂੰ ਇਉਂ ਕਲਮਬੰਦ ਕਰਦੇ ਹਨ :—

ਡੇਰਾ ਕਰਕੇ ਗੁਰੂ ਜੀ ਨਹਾਉਣ ਲਗੇ,
ਨੀਲੀ ਲਾਹ ਪੁਸ਼ਾਕ ਰਖਾ ਲਈ ਨੇ ।
ਕਉਲ ਚਿੱਟੀ ਪੁਸ਼ਾਕ ਲਿਆ ਰਖੀ,
ਨੀਲੀ ਆਖ ਕੇ ਇਹ ਉਠਾ ਲਈ ਨੇ ।
ਏਹ ਸਤਿਗੁਰੋ ਤੁਸਾਂ ਨੂੰ ਫਬਦੀ ਨਹੀਂ,
ਚਿੱਟੀ ਪਹਿਰ ਲਉ ਅਰਜ ਸੁਣਾ ਲਈ ਨੇ ।
ਉਹਦਾ ਵੇਖ ਪਰੇਮ ਕਰਤਾਰ ਸਿੰਘਾ,
ਝਟ ਉਹ ਪੁਸ਼ਾਕ ਹੀ ਪਾ ਲਈ ਨੇ ।
ਵੇਗ ਹਟੇ ਕਰ ਕੇ ਹੋਜੀ ਸਤਿਗੁਰੂ ਜੀ,
ਚਲ ਪਾਸ ਅੰਗੀਠੇ ਦੇ ਜਾਂਵਦੇ ਨੇ ।
ਲੀਰਾਂ ਕਰ ਕੇ ਨੀਲੀ ਪੁਸ਼ਾਕ ਦੀਆਂ,
ਵਿਚ ਅਗ ਦੇ ਪਾ ਜਲਾਂਵਦੇ ਨੇ ।
ਨਾਲੇ ਫੂਕਦੇ ਜਾਂਵਦੇ ਪੁਸ਼ਾਕ ਤਾਈਂ,
ਨਾਲੇ ਤੁਕ ਏਹ ਪੜ੍ਹ ਸੁਨਾਵਦੇ ਨੇ ।

ਯਥਾ :—

"ਨੀਲ ਬਸਤ੍ਰ ਲੈ ਕਪੜੇ ਫਾੜੇ,
ਤੁਰਕ ਪਠਾਣੀ ਅਮਲ ਗਇਆ ।"
ਸੁਣ ਕਉਲ ਜੀ ਨੇ ਪਾਸੋਂ ਟੋਕ ਕੀਤੀ,
ਸ਼ਬਦ ਉਲਟਣੇ ਕਿਸ ਤਰ੍ਹਾਂ ਭਾਵਨੇ ਨੇ ।
ਰਾਮ ਰਾਇ ਨੇ ਤੁਕ ਉਲਟਾਈ ਹੈਸੀ,
ਗੁਰੂ ਉਸ ਨੂੰ ਮੁਖ ਨਾ ਲਾਵਨੇ ਨੇ ।
ਤੁਸਾਂ "ਪਹਿਰੇ" ਦੇ ਥਾਂ "ਫਾੜੇ" ਆਖਿਆ ਏ,
"ਗਇਆ" "ਕੀਆ" ਦੀ ਉਲਟ ਦਿਸਾਂਵਦੇ ਨੇ ।
ਸ਼ਬਦ ਉਲਟਿਆਂ ਵਾਰ ਪਰਿਵਾਰ ਸਾਰਾ,
ਸ੍ਰੀ ਕਲਗੀਧਰ ਬਤਾਂਵਦੇ ਨੇ ।
ਸਬਦ ਉਲਟੇ ਬਿਨਾ ਕਰਤਾਰ ਸਿੰਘਾ,
ਕਾਬੂ ਤੁਰਕ ਨ ਕਿਸੇ ਦੇ ਆਂਵਦੇ ਨੇ ।

(ਦਸਮੇਸ਼ ਪ੍ਰਾ: ੪੪੯. ੬ਵੀਂ ਪਉੜੀ)

"ਗੁਰੂ ਗੋਬਿੰਦ ਸਿੰਘ ਮਾਰਗ" ਨਾਮੀ ਪੁਸਤਕ ਜੋ ਕਿ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵਲੋਂ ਛਾਪੀ ਗਈ ਹੈ, ਦੇ ਪੰਨਾ ਨੰ: ੨੭ ਤੇ ਲਿਖਿਆ ਹੈ :—

"ਕੁਝ ਦਿਨ ਦੀਨਾ ਕਾਂਗੜ ਵਿਚ ਠਹਿਰਣ ਉਪ੍ਰੰਤ ਗੁਰੂ ਜੀ ਨੇ ਬਰਾੜਾਂ ਦੇ ਦੇਸ਼ ਵਿਚ ਭ੍ਰਮਣ ਕੀਤਾ। ਇਸ ਸਿਲਸਿਲੇ ਵਿਚ ਭਗਤਾ ਭਾਈ ਕਾ, ਰੰਞੂ ਕੀ ਬੇਰ, ਡੱਲ, ਵਾਂਦਰ, ਬਰਗਾੜੀ, ਰੋਹਿਲਾ, ਗੁਰੂਸਰ, ਜੈਤੋ, ਮਲੂਕਾ, ਕੋਠਾ ਗੁਰੂ, ਲੰਬਵਾਲੀ, ਢਿਲਵਾਂ ਸੋਢੀਆਂ, ਕੋਟ ਕਪੂਰਾ ਆਦਿ ਵਿਚ ਪਧਾਰੇ। ਢਿੱਲਵਾਂ ਸੋਢੀਆਂ ਵਿਚ ਗੁਰੂ ਸਾਹਿਬ ਦੇ ਕੁਝ ਰਿਸ਼ਤੇਦਾਰ ਰਹਿੰਦੇ ਸਨ। ਜਦੋਂ ਉਨ੍ਹਾਂ ਪਾਸ ਗਏ ਤਾਂ ਆਪ ਜੀ ਨੇ ਨੀਲੇ ਬਸਤਰ ਉਤਾਰ ਦਿਤੇ ਤੇ ਦੂਜੇ ਕਪੜੇ ਪਹਿਨ ਲਏ : ਨੀਲੇ ਕਪੜੇ ਜੋ ਮਾਛੀਵਾੜੇ ਤੋਂ ਪਾਈ ਆਉਂਦੇ ਸਨ, ਲੀਰਾਂ ਲੀਰਾਂ ਕਰਕੇ ਅੱਗ ਵਿਚ ਸਾੜ ਦਿਤੇ ਅਤੇ ਕਿਹਾ :—

"ਨੀਲ ਬਸਤ੍ਰ ਲੇ ਕਪੜੇ ਫਾੜੇ,
ਤੁਰਕ ਪਠਾਣੀ ਅਮਲ ਗਇਆ।"

ਜਦ ਉਨ੍ਹਾਂ ਦੇ ਸੰਬੰਧੀ ਸੋਢੀ ਕੌਲ ਨੇ ਕਿਹਾ ਕਿ ਅਸਲੀ ਤੁਰਕ ਤਾਂ ਹੋਰ ਹੈ ਤਾਂ ਜਵਾਬ ਦਿਤਾ :—

ਗੁਰ ਕਹਯੋ ਹਮ ਸਰਬੰਸ ਗਾਰ,
ਤੁਰਕ ਪਲਟਾਈ ਹਿਤ ਉਪਕਾਰ।"

ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਛੀਵਾੜੇ ਤੋਂ ਉੱਚ ਦਾ ਪੀਰ ਬਨਣ ਸਮੇਂ ਨੀਲੇ ਜਾਂ ਸੁਰਮਈ ਕਪੜੇ ਪਾਉਣੇ ਪਏ ਪਰ ਉਹ ਉਨ੍ਹਾਂ ਦਾ ਬਾਣਾ ਨਹੀਂ ਸੀ ਅਤੇ ਫਿਰ ਉਨ੍ਹਾਂ ਦੇ ਸਿਖਾਂ ਦਾ ਕਿਵੇਂ ਬਣ ਗਿਆ ? ਗੁਰੂ ਗੋਬਿੰਦ ਸਿੰਘ ਜੀ ਨੇ ਮੁਸਲਮਾਨ ਫੌਜਾਂ ਨੂੰ

"ਬਰੰਗੇ ਮਗਸ ਸ਼ਾਹ ਪੋਸ਼ ਆਮਦਮ।"

ਅਰਥਾਤ ਮੱਖੀ ਰੰਗੇ ਲਿਖਿਆ ਹੈ ਅਤੇ ਸਿੰਘਾਂ ਦੇ ਬਾਣੇ ਦਾ ਰੰਗ ਸਫੈਦ ਹੀ ਲਿਖਿਆ ਹੈ :—

"ਸਵੇਤ ਸਿੰਘ ਧਰ ਰੂਪ ਦਿਖਾਵੈ।
ਦਾਮਨ ਗਰਜ ਸ਼ਬਦ ਮੁਖ ਆਵੈ।"

ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਵੇਂ ਲਿਖਦੇ ਹਨ :—

"ਸੁਧੇ ਦਾੜ੍ਹੇ ਮੁਛ ਅਛ, ਦਸਤਾਰੇ ਸ੍ਵੇਤ ਸਵੱਛ,
ਕਟਿ ਪ੍ਰਤਛ ਕਛ ਪਛ ਦਿਖ ਪਾਤਤੇ।"

ਇਨ੍ਹਾਂ ਉਪਰੋਕਤ ਪ੍ਰਮਾਣਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰੂ ਕੇ ਸਿੰਘਾਂ ਦੀਆਂ ਦਸਤਾਰਾਂ ਸਫੈਦ ਰੰਗ ਦੀਆਂ ਸਨ ਅਤੇ ਫਿਰ ਨੀਲੇ ਕਾਲੇ ਰੰਗ ਦੇ ਬਸਤਰ ਪਹਿਨਣਾ ਗੁਰੂ ਸਿਖ ਪ੍ਰੰਪਰਾ ਤੋਂ ਉਲਟ ਹੈ ਅਤੇ ਜੇ ਨੀਲੇ ਕਾਲੇ ਪਹਿਨ ਕੇ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਜਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ਅਖਵਾਈਏ ਤਾਂ ਇਸ ਦਾ ਇਹ ਭਾਵ ਹੈ ਕਿ ਸਾਡੇ ਮਨਾਂ ਵਿਚ ਗੁਰੂ ਸਾਹਿਬਾਂ ਦੀ ਜ਼ਰਾ ਜਿੰਨੀ ਵੀ ਕਦਰ ਨਹੀਂ। ਉਨ੍ਹਾਂ ਸ਼ਹੀਦਾਂ ਦੀ ਜਿਨ੍ਹਾਂ ਨੇ ਸਿਖੀ ਪ੍ਰੰਪਰਾ ਨੂੰ ਬਚਾਉਣ ਹਿਤ ਆਪਣਾ ਆਪ ਕੁਰਬਾਨ ਕਰ ਦਿਤਾ ਨੂੰ ਸਾਡੀ ਵਲੋਂ ਕੋਈ ਸ਼ਰਧਾਂਜਲੀ ਨਹੀਂ।

ਦਸਤਾਰ ਭਾਰਤ ਦੀ ਪ੍ਰਾਚੀਨ ਪ੍ਰੰਪਰਾ ਅਨੁਸਾਰ ਸਰੀਰ ਦੇ ਪਹਿਨਣ ਵਾਲਿਆਂ ਕਪੜਿਆਂ ਦਾ ਹੀ ਇਕ ਅੰਗ ਹੈ। ਵੇਦਾਂ ਸ਼ਾਸਤਰਾਂ 'ਚ ਇਸ ਨੂੰ 'ਉਸ਼ਣੀਸ਼' ਸ਼ਬਦ ਨਾਲ ਸੰਬੋਧਨ ਕੀਤਾ ਗਿਆ ਹੈ ਜਿਸਦਾ ਭਾਵ ਸਿਰ ਨੂੰ ਗਰਮੀ ਤੋਂ ਬਚਾਉਣਾ। ਇਸ ਨੂੰ ਤ੍ਰੇਤੇ ਜਾਂ ਦੁਆਪਰ ਜੁਗ ਵਿਚ ਕਿਰੀਟ, ਮੁਕਟ, ਤਾਜ ਆਦਿ ਦੇ ਤੌਰ ਤੇ ਰਾਜੇ ਮਹਾਰਾਜੇ ਸਰਦਾਰ ਲੋਕ ਪਹਿਨਦੇ ਹੁੰਦੇ ਸਨ ਜਿਸ ਦਾ ਰੂਪ ਬਦਲਕੇ ਦਸਤਾਰ (ਪਗੜੀ) ਅਜ ਤੋਂ ੬-੭ ਹਜ਼ਾਰ ਪਹਿਲਾਂ ਦੇ ਵਰ੍ਹਿਆਂ ਵਿਚ ਅਸੀਰੀਅਨ ਜਾਂ ਬੇਬੀਲੋਨੀਅਨ ਰਾਜਿਆਂ ਦਾ ਸ਼ਿੰਗਾਰ ਸੀ। ਇਸੇ ਤਰ੍ਹਾਂ ਆਦਿ ਕਾਲ ਤੋਂ ਚਲੀ ਆ ਰਹੀ ਦਸਤਾਰ ਨੂੰ ਗੁਰੂ ਸਾਹਿਬਾਂ ਨੇ ਵੀ ਅਪਣਾਇਆ ਅਤੇ ਨੀਚ ਤੋਂ ਨੀਚ ਨੂੰ ਵੀ ਸਰਦਾਰੀ ਬਖਸ਼ੀ। ਗੁਰਬਾਣੀ ਵਿਚ ਦਰਜ ਹੈ :

"ਸਾਬਤ ਸੂਰਤਿ ਦਸਤਾਰ ਸਿਰਾ"

ਇਸ ਤਰ੍ਹਾਂ ਜਿਹੜੇ ਗੁਰੂ ਸਾਹਿਬਾਂ ਦਾ ਸਤਿਕਾਰ ਕਰਨਾ ਲੋਚਦੇ ਹਨ, ਉਨ੍ਹਾਂ ਨੂੰ ਗੁਰੂ ਬਾਣੀ ਦਾ ਆਦਰ ਕਰਨਾ ਜ਼ਰੂਰੀ ਹੈ। ਦਸਤਾਰ ਗੁਰੂ ਕੇ ਸਿਖਾਂ ਲਈ ਉਹੀ ਹੈ

ਜਿਹੜੀ ਕਿ ਗੁਰੂ ਸਾਹਿਬ ਪਹਿਨਦੇ ਆਏ ਹਨ, ਜਿਹੜੀ ਪੰਜ ਪਿਆਰਿਆਂ ਦੇ ਸਿਰਾਂ ਤੇ ਸੱਜਦੀ ਹੈ। ਇਸੇ ਨੂੰ ਮਹਾਨ ਕੋਸ਼ 'ਚ ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਮੁਖੀ ਦਸਤਾਰਾ' ਲਿਖਿਆ ਹੈ। ਪਰ ਇਸ ਦੇ ਉਲਟ ਅਜ ਚਿੱਟੀਆਂ ਦਸਤਾਰਾਂ ਦੀ ਜਗ੍ਹਾ ਵਖੋ ਵਖਰੇ ਰੰਗਾਂ ਤੇ ਵਧੋ ਵਖਰੇ ਡਿਜ਼ਾਈਨਾਂ ਦੀਆਂ ਨੋਕਦਾਰ ਟੇਢੀਆਂ ਪੱਗਾਂ ਬੰਨ੍ਹੀਆਂ ਜਾ ਰਹੀਆਂ ਹਨ। ਇਸ ਟੇਢੀ ਪਗ ਬਾਰੇ ਗੁਰਬਾਣੀ 'ਚ ਭਗਤ ਕਬੀਰ ਜੀ ਇਉਂ ਵਰਨਣ ਕਰਦੇ ਹਨ :

"ਟੇਢੀ ਪਾਗ ਟੇਢੇ ਚਲੇ
ਲਾਗੇ ਬੀਰੇ ਖਾਨ।
ਭਾਉ ਭਗਤਿ ਸਿਉ ਕਾਜੁ ਨ ਕਛੂਐ,
ਮੇਰੋ ਕਾਮੁ ਦੀਵਾਨ।"

—ਕੇਦਾਰਾ ਕਬੀਰ ਜੀਉ

ਇਸ ਤਰ੍ਹਾਂ ਇਹ ਟੇਢੀ ਪੱਗ ਹੰਕਾਰ ਦੀ ਨਿਸ਼ਾਨੀ ਤੇ (ਸਿੰਗਾਰ ਰਸੀ) ਗਿਰਾਵਟ ਦੀ ਸੂਚਕ ਦਸਕੇ ਅਯੋਗ ਤੇ ਮਿਥਿਆ ਕਰਾਰ ਦਿਤੀ ਹੈ। ਇਤਿਹਾਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਤੋਂ ਬਾਅਦ ਮਹਾਰਾਜਾ ਸ਼ੇਰ ਸਿੰਘ ਨੇ ਇਸ ਗੁਰਮੁਖੀ ਦਸਤਾਰੇ ਨੂੰ ਤੇ ਸਿਖੀ ਪਹਿਰਾਵੇ ਨੂੰ ਬਦਲਿਆ। ਗਿਆਨੀ ਗਿਆਨ ਸਿੰਘ ਜੀ ਇਸ ਬਾਰੇ ਇਉਂ ਵਰਨਣ ਕਰਦੇ ਹਨ :

ਕਬਿਤ

ਔਰੈ ਰੀਤ ਔਰੈ ਮੀਤ ਔਰੈ ਪ੍ਰਤੀਤ ਪ੍ਰੀਤ
ਖਾਨ ਪਹਿਰਾਨ ਗਯਾਨ ਮਾਨ ਔਰੈ ਜਨ ਕੈ।
ਭਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ ਅਛੈ
ਕਛੈ ਤਜ ਲਏ ਪੱਤੀ ਸੁਥ੍ਹ ਤੰਗ ਤਨਕੈ।
ਧਾਰੈ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ
ਜਿਨੈ ਦੇਖ ਸਿਖੀ ਕੰਬੇ ਤਟਕ ਗਨ ਕੈ।
ਸਿਖੀ ਦਸਮੇਸ਼ ਕੀ ਸੁਕੀ ਅਧਰਮੇਸ ਕੀ ਅਸਿੱਖੀ
ਪਰੀ ਪੋਸ਼ਤੀ ਛਿਨਾਰ ਬਨ ਠਨਕੈ।

ਮਹਾਰਾਜ ਸ਼ੇਰ ਸਿੰਘ ਨੇ ਸਭ ਤੋਂ ਪਹਿਲਾਂ ਅੰਗਰੇਜ਼ ਦਾ ਅਸਰ ਕਬੂਲਿਆ ਅਤੇ ਫਿਰ ਦੇਖਾ ਦੇਖੀ ਬਾਕੀ ਦੇ ਸਿਖਾਂ ਨੇ। ਇਹ ਹਾਲਾਤ ਇਥੋਂ ਤਕ ਆ ਗਏ ਕਿ :

'ਕੇਟੀ ਬਾਤ ਪਾਗੈਂ ਉਚੇ ਨਾਕ ਨੱਚੇ ਮਰਨੇ ਸੋ
ਕੇਟੀ ਖੰਚੇ ਲਾਤਨ ਕੋ ਸੋਚੇ ਨ ਲਖਾਇ ਹੈਂ।
ਕੰਨ੍ਹੂ ਦਾੜ੍ਹੀ ਕੀ ਉਖਾੜੇਂ ਮੂਛੇਂ ਪਾੜੇਂ ਭਾੜਨ ਜਿਉਂ
ਪੂਛੈਂ ਸੋਤ ਝਾੜੈਂ ਕੋਊ ਸਾਧੈਂ ਦਵਾ ਲਾਇ ਹੈਂ।
ਬਕਲੈਂ ਉਪਾਰੈਂ ਕੋਊ ਰੁੰਹੈਂ ਸੋ ਹੈਂ ਕੀ ਉਖਾਰੈਂ
ਨਾਸਿਕਾ ਕੇ ਬਾਰੈਂ ਹਾਥ ਮਾਥ ਪੈ ਚਲਾਇ ਹੈਂ।
ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਧਾਰੇ
ਹਾਇ ਦੇ ਕਸਾਈ ਰਹੇ ਸਿਖੀ ਕਉ ਘਾਇ ਹੈਂ।

—ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਜੀ

ਸਿਖ ਆਪਣੀਆਂ ਬੀਬੀਆਂ ਦਾੜ੍ਹੀਆਂ, ਮੁੱਛਾਂ, ਕੇਸ, ਨਕ, ਲਤਾਂ, ਬਾਹਵਾਂ ਦੀ, ਕਛਾਂ ਤੇ ਭਰਵਟਿਆਂ ਦੇ ਵਾਲਾਂ ਨੂੰ ਮੋਚਨਿਆਂ, ਦਵਾਈਆਂ ਤੇ ਹੋਰ ਢੰਗ ਤਰੀਕਿਆਂ ਨਾਲ ਖਤਮ ਕਰਨ ਲਗ ਪਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਗਊ ਰੂਪੀ ਸਿਖੀ ਨੂੰ ਇਹ ਕਸਾਈ ਖਤਮ ਕਰੀ ਜਾ ਰਹੇ ਹਨ। ਇਸ ਹਿਸਾਬ ਨਾਲ ਉਦੋਂ ਤੋਂ ਲੈ ਕੇ ਹੁਣ ਤਕ ਉਸ ਗਊ ਰੂਪੀ ਸਿਖੀ ਦਾ ਤਾਂ ਬੀ ਵੀ ਨਾਸ ਹੋ ਗਿਆ ਹੋਣੈ।

ਉਸ ਵਕਤ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਜਾਏ ਹੋਏ ਖਾਲਸੇ ਵਿਚੋਂ ਸਿਰਫ ਥੋੜੀ ਸਿਖ ਹੀ ਲਭੇ ਸਨ ਜਿਸ ਕਰਕੇ ਸੰਮਤ ੧੯੧੪ ਬਿ: ਦੀ ਵਿਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਪ ਨੇ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਪੰਜ ਸਿਖਾਂ ਨੂੰ ਛਕਾ ਕੇ ਸਿੱਖੀ ਸੁਧਾਰ ਦਾ ਮੁਢ ਬੰਨ੍ਹਿਆ। ਅਤੇ ਭਾਰਤ ਦੀ ਜੰਗੇ ਅਜ਼ਾਦੀ (ਸੁਤੰਤਰਤਾ ਸੰਗਰਾਮ) ਦਾ ਪ੍ਰਥਮ ਚਿਟਾ ਝੰਡਾ (ਧਵਜ) ਜੋ ਸੱਚ, ਸੁਚਮ, ਸਾਦਗੀ, ਅਮਨ ਤੇ ਏਕਤਾ ਦਾ ਸਰੂਪ ਹੈ ਜਿਸਨੂੰ ੧੨ਵੀਂ ਪਾਤਸ਼ਾਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵਿਸਾਖੀ ਦੇ ਸ਼ੁਭ ਦਿਹਾੜੇ ੧ ਵਿਸਾਖ ਸੰਮਤ ੧੯੧੪ (ਮੁਤਾਬਕ 13 ਅਪ੍ਰੈਲ ਸੰਨ 1857) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਤ ਖਾਲਸਾ ਅਥਵਾ ਨਾਮਧਾਰੀ ਪੰਥ ਸਾਜਣ ਸਮੇਂ ਸਥਾਪਤ ਕੀਤਾ।

ਸੋ ਸਿਖ ਪ੍ਰੰਪਰਾ ਅਨੁਸਾਰ ਗੁਰਸਿਖਾਂ ਦਾ ਪਹਿਰਾਵਾ ਸਫੇਦ ਬਸਤਰ ਜਿਸ ਵਿਚ ਗੁਰਮੁਖੀ

ਦਸਤਾਰਾ, ਕਲੀਆਂ ਵਾਲਾ ਕੁੜਤਾ, ਚੂੜੀਦਾਰ ਪਾਜਾਮਾ, ਰੇਪ ਕਛਿਹਰਾ ਆਦਿ ਹੋਣਾ ਚਾਹੀਦਾ ਹੈ। ਬੀਬੀਆਂ ਲਈ ਵੀ ਸਫੇਦ ਕਲੀਆਂ ਵਾਲਾ ਕੁੜਤਾ, ਚੂੜੀਦਾਰ ਸੁਥਨ (ਸਲਵਾਰ), ਰੇਪ ਕਛਿਹਰਾ ਤੇ ਦੁਪੱਟਾ ਹੋਣਾ ਚਾਹੀਦਾ ਹੈ।

ਕਛਿਹਰਾ ਗੋਡੇ ਦੀ ਚਪਣੀ ਤੋਂ ਤਿੰਨ ਉਂਗਲ ਉੱਚਾ ਅਤੇ ਕੁੜਤਾ ਕਛਿਹਰੇ ਤੋਂ ਰਤਾ ਜਿਹਾ ਉੱਚਾ ਹੋਣਾ ਚਾਹੀਦਾ ਹੈ। ਵਧੀਆ ਕਾਟ ਨਾਲ ਕੱਟ ਕੇ ਸੀਤੇ ਹੋਏ ਬਸਤਰ ਅਤੇ ਸੋਹਣੀ ਦਸਤਾਰ ਸਿਰ ਤੇ ਸਜੀ ਹੋਈ ਇਕ ਆਮ ਸਿਖ ਨੂੰ ਵੀ ਸਰਦਾਰ ਜੀ ਤੇ ਸੰਤ ਜੀ ਬਣਾਉਂਦੀ ਹੈ ਪਰ ਜੇਕਰ ਇਹੀ ਬਸਤਰ ਖੁਲ੍ਹੇ ਡੁਲ੍ਹੇ ਤੇ ਵਲੇਟੇ ਮਾਰ ਕੇ ਹੋਰ ਹੀ ਤਰ੍ਹਾਂ ਦੀ ਬੰਨੀ ਹੋਈ ਪਗ ਜਾਂ ਗੁਰਮੁਖੀ ਪਹਿਰਾਵੇ ਤੋਂ ਉਲਟ ਹੋਰ ਹੀ ਤਰ੍ਹਾਂ ਦੇ ਪਾਏ ਹੋਏ ਬਸਤਰ ਉਸੇ ਮਨੁਖ ਨੂੰ ਹੋਰ ਹੀ ਨਾਂ ਨਾਲ ਬੁਲਾਉਣ ਤੇ ਮਜਬੂਰ ਕਰ ਦੇਂਦੇ ਹਨ।

ਗੁਰਸਿਖਾਂ ਦੇ ਪਹਿਰਾਵੇ ਹਮੇਸ਼ਾ ਉਹੀ ਹੋਣੇ ਚਾਹੀਦੇ ਹਨ ਜੋ ਗੁਰੂ ਨੂੰ ਚੰਗੇ ਲਗਣ ਅਤੇ ਸਿਖ ਨੂੰ ਖੁਸ਼ੀਆਂ ਪ੍ਰਾਪਤ ਹੋ ਸਕਣ। ਸਾਡਾ ਪਹਿਨਣਾ, ਵਿਚਰਨਾ ਤੇ ਜੀਊਣਾ ਸਭ ਕੁਝ ਸਤਿਗੁਰੂ ਦੇ ਹੁਕਮ ਅਨੁਸਾਰ ਹੀ ਹੋਣਾ ਚਾਹੀਦਾ ਹੈ। ਨਾਮਧਾਰੀ ਕਾਟ ਦਾ ਪਹਿਰਾਵਾ ਗੁਰਸਿਖਾਂ ਵਾਲਾ ਪਹਿਰਾਵਾ ਹੈ, ਫਿਰ ਇਸ ਨੂੰ ਪਹਿਨਣ ਤੋਂ ਝਿਜਕ ਕਿਉਂ। ਇਸ ਪਹਿਰਾਵੇ ਨੂੰ ਪਾਉਣ ਨਾਲ ਹੀ ਕਈ ਤਰ੍ਹਾਂ ਦੀਆਂ ਬੁਰੀਆਂ ਲਾਹਨਤਾਂ ਤੋਂ ਬਚਿਆ ਜਾ ਸਕਦਾ ਹੈ, ਕਈਆਂ ਬੁਰਾਈਆਂ ਤੋਂ ਦੂਰ ਹੋਇਆ ਜਾ ਸਕਦਾ ਹੈ। ਚੰਗੇ ਗੁਣਾਂ ਦੇ ਧਾਰਨੀ ਬਣਨ ਲਈ, ਚੰਗਾ ਅਖਵਾਉਣ ਵਾਸਤੇ ਇਹ ਜ਼ਰੂਰੀ ਹੈ ਕਿ ਗੁਰਮੁਖੀ ਪਹਿਰਾਵਾ ਪਾਇਆ ਜਾਏ। ਇਹ ਸਿਖ ਦੀ ਗੁਰੂ ਨਾਲ ਸਾਂਝ ਜੁ ਪੈਦਾ ਕਰਦਾ ਹੈ ਅਤੇ ਖੁਸ਼ੀਆਂ ਦਾ ਹੱਕਦਾਰ ਜੁ ਬਣਾਉਂਦਾ ਹੈ। ਜੋ ਸਭ ਮਾਈ, ਭਾਈ, ਬੱਚੇ, ਜਵਾਨ ਇਸ ਪਹਿਰਾਵੇ ਨੂੰ ਵਰਤੋਂ ਵਿਚ ਲਿਆਉਣ। ਸਭ ਸੂਬੇ, ਜਥੇਦਾਰ, ਪ੍ਰਚਾਰਕ, ਸੇਵਕ ਤੇ ਪ੍ਰਧਾਨ, ਸਕੱਤਰ ਇਸ ਗੱਲ ਤੇ ਪਹਿਰਾ ਦੇਣ ਕਿ ਜਿਥੇ ਉਹ ਆਪ ਨਾਮਧਾਰੀ ਸਿਖ ਪਹਿਰਾਵੇ ਦੇ ਧਾਰਨੀ ਹੋਣ ਉਥੇ ਆਪਣੇ ਪਰਿਵਾਰ, ਆਪਣੇ ਰਿਸ਼ਤੇ ਨਾਤੇ ਤੇ ਦੋਸਤਾਂ ਮਿਤਰਾਂ ਨੂੰ ਇਸ ਪਾਸੇ ਲਈ ਪ੍ਰੇਰਨ। ਸ੍ਰੀ ਸਤਿਗੁਰੂ ਜੀ ਪਾਸ ਵੀ ਇਹੀ ਅਰਦਾਸ ਹੈ ਜੁ ਉਹ ਸਭ ਸਿਖਾਂ ਤੇ ਕ੍ਰਿਪਾ ਦ੍ਰਿਸ਼ਟੀ ਰਖਦੇ ਹੋਏ ਸਭ ਨੂੰ ਆਪਣਾ ਹੀ ਬਣਾਈ ਰਖਣ।

ਹਵਨ – ਮਰਿਯਾਦਾ

ਮਾ: ਨਿਹਾਲ ਸਿੰਘ ਜੀ
ਦਿੱਲੀ ।

ਵੂਠੈ ਘਾਹ ਚਰਹਿ ਨਿਤ ਸੁਰਹੀ
ਸਾਧਨ ਦੂਧੀ ਬਿਲੋਵੈ
ਤਿਤੁ ਘਿਅ ਹੋਮ ਜਗ ਸਦ ਪੂਜਾ
ਪਇਐ ਕਾਰਜ ਸੋਹੈ ।

(ਸ੍ਰੀ ਗੁਰੂ ਨਾਨਕ ਦੇਵ ਜੀ)

ਸਿਖ ਧਰਮ ਦਾ ਮੁਢ ਮੂਲ ਵੇਖਿਆ ਜਾਵੇ ਤਾਂ ਆਦਿ ਕਾਲ ਤੋਂ ਸਮਝਣਾ ਚਾਹੀਦਾ ਹੈ । ਭਾਰਤ ਵਰਸ਼ ਦੇ ਰਿਸ਼ੀ ਮੁਨੀਆਂ ਦੀ ਰਹੁ ਰੀਤੀ ਇਨਾਂ ਨਾਲ ਮੇਲ ਖਾਂਦੀ ਹੈ। ਉਹੋ ਪ੍ਰੰਪਰਾ, ਉਹੋ ਰਹਿਣੀ ਸਹਿਣੀ, ਉਹੋ ਰਹੁਰੀਤੀ ਪ੍ਰਧਾਨ ਹੈ । ਮਹਾਂ ਭਾਰਤ ਦੇ ਯੁੱਧ ਤੇ ਬਾਹਰਲੇ ਹਮਲਿਆਂ ਨੇ ਭਾਰਤੀਆਂ ਨੂੰ ਅਸਲੀਅਤ ਤੋਂ ਬਹੁਤ ਦੂਰ ਕਰ ਦਿਤਾ ਸੀ । ਕੇਵਲ ਰਸਮਾਂ ਰੀਤਾਂ ਰਹਿ ਗਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੇਂ ਅਨੁਸਾਰ ਉਸ ਨੂੰ ਨਵੇਂ ਸਾਂਚੇ ਵਿੱਚ ਢਾਲਣ ਦਾ ਪਰਉਪਕਾਰ ਕਰਕੇ ਦੇਸ਼ ਨੂੰ ਸਿੱਧੇ ਰਾਹ ਪਾਇਆ । ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਸ ਗਲ ਨੂੰ ਸਪਸ਼ਟ ਕਰ ਦਿਤਾ ਹੈ। ਸ੍ਰੀ ਗੁਰੂ ਜੀ ਦੇ ਅਵਤਾਰ ਦਾ ਕਾਰਨ ਦਸਦਿਆਂ ਆਪ ਲਿਖਦੇ ਹਨ:

ਪਾਲਨ ਹੇਤ ਸਨਾਤਨ ਨੇਤੇ
ਵੈਦਿਕ ਧਰਮ ਰਖਣ ਕੇ ਹੇਤੈ,
ਆਪ ਪ੍ਰਭੂ ਗੁਰੂ ਨਾਨਕ ਰੂਪ
ਪ੍ਰਗਟ ਭਏ ਜਗ ਮੈਂ ਸੁਪ ਭੂਪੰ ।

ਸਾਹਿਬ ਗੁਰੂ ਗੋਬਿੰਦ ਸਿੰਘ ਜਾਂ ਸਤਿਗੁਰੂ ਰਾਮ ਸਿੰਘ ਜੀ ਕੁਝ ਸੁਧੋਧਨ ਕਰਦਿਆਂ, ਉਨਾਂ ਲੀਹਾਂ ਨੂੰ ਕਾਇਮ ਰਖਿਆ ।

ਇਸ ਗਲ ਤੋਂ ਕੌਣ ਇਨਕਾਰ ਕਰ ਸਕਦਾ ਹੈ, ਕਿ ਸਿਖੀ ਵਿੱਚ ਜਟਾ ਜੂਟ ਰਹਿਣਾ, ਗੁਰੂ ਧਾਰਨ ਕਾਰਨ, ਈਸ਼ਵਰ ਭਗਤੀ, ਪਵਿਤਰਤਾ, ਸਾਦਗੀ, ਸੁਤੰਤਰਤਾ, ਸਚਾਈ, ਜੀਅ ਦਇਆ ਪ੍ਰਧਾਨ ਹਨ । ਸਾਧੂ ਮਹਾਤਮਾਂ ਦਾ ਆਦਰ, ਵਡਿਆਂ ਦਾ ਸਤਿਕਾਰ, ਚਰਨਾਂ ਤੇ ਨਮਸਕਾਰ, ਅੰਮ੍ਰਿਤ ਵੇਲੇ ਦਾ ਜਾਗਣਾ ਹਵਨ ਆਦਿ। ਗੁਰਬਾਣੀ ਬਿਲਕੁਲ ਸਪਸ਼ਟ ਕਰਦੀ ਹੈ :

ੳ) ਕਰਿ ਇਸਨਾਨ ਸਿਮਰ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ ।

ਤਥਾ

ਅ) ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ।
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ।

ੲ) ਉਪਦੇਸ ਗੁਰੂ ਹਰਿ ਹਰਿ ਜਪ ਜਾਪੈ
ਸਭ ਕਿਲਵਿਖ ਪਾਪ ਦੋਖ ਲਹਿ ਜਾਵੈ
ਫਿਰ ਚੜੈ ਦਿਵਸ ਗੁਰਬਾਣੀ ਗਾਵੈ

ਸ) ਨਾਨਕ ਧੂੜਿ ਮੰਗੈ ਤਿਸ ਗੁਰਿ ਸਿਖ ਕੀ
ਜੁ ਆਪ ਜਪੈ ਅਵਰਾ ਨਾਮੁ ਜਪਾਵੈ ।

ਪਰ ਮੇਰਾ ਮਜ਼ਮੂਨ ਹਵਨ ਯਗ ਹੈ, ਜਿਸ ਬਾਰੇ ਸੰਖੇਪ ਤੌਰ ਤੇ ਇਉਂ ਕਹਿਆ ਜਾ ਸਕਦਾ ਹੈ ਕਿ ਭਾਵੇਂ ਕੋਈ ਮੰਨੇ ਭਾਵੇਂ ਨ ਮੰਨੇ, ਇਹ ਰਹੁ ਰੀਤੀ ਹਰ ਦੇਸ਼ ਤੇ ਹਰ ਕਾਲ ਵਿੱਚ ਕਾਇਮ ਰਹੀ ਹੈ ਤੇ ਰਹੇਗੀ। ਖੁਸ਼ਬੋਈ ਨੂੰ ਕਿਹੜਾ ਪ੍ਰਾਣੀ ਏ ਜਿਹੜਾ ਪਸੰਦ ਨਹੀਂ ਕਰਦਾ । ਅਗਰਬੱਤੀਆਂ ਜਾਂ ਧੂਪ ਧੁਖਾਣ ਨੂੰ ਕੌਣ ਪਸੰਦ ਨਹੀਂ ਕਰਦਾ । ਪ੍ਰੰਤੂ ਹਵਨ ਦੀ ਆਪਣੀ ਥਾਂ

ਹੈ। ਇਹ ਇੱਕ ਐਸੀ ਮਰਯਾਦਾ ਹੈ ਜਿਸ ਨਾਲ ਮਨੁਖਾਂ ਤੇ ਦੇਵਤਿਆਂ ਦਾ ਸਨਬੰਧ ਕਾਇਮ ਰਹਿੰਦਾ ਹੈ। ਇਸੇ ਵਾਸਤੇ ਕੋਈ ਕਾਰਜ ਕਰਨਾ ਹੋਵੇ, ਸਭ ਤੋਂ ਪਹਿਲਾ ਹਵਨ ਕੀਤਾ ਜਾਂਦਾ ਰਹਿਆ ਹੈ।

ਸਤਿਜੁਗ ਵਿੱਚ ਰਾਜੇ ਬਲੀ ਨੇ ਇਕ ਮਹਾਨ ਹਵਨ ਯਗ ਕੀਤਾ ; ਤ੍ਰੇਤੇ ਵਿੱਚ ਮਰੀਚ ਆਦਿ ਰਾਕਸ਼ਾਂ ਨੂੰ ਨਾਸ਼ ਕਰਨ ਵਾਸਤੇ ਸ੍ਰੀ ਵਸਿਸ਼ਟ ਤੇ ਵਿਸ਼ਵਾ ਮਿੱਤਰ ਨੇ ਯਗ ਕੀਤੇ ਜਿਨਾਂ ਦੀ ਨਿਰਵਿਘਨਤਾ ਵਾਸਤੇ ਸ੍ਰੀਰਾਮ ਚੰਦਰ ਜੀ ਮਹਾਰਾਜ ਆਪ ਧਨੁਸ਼ਬਾਣ ਹੱਥਾਂ ਵਿਚ ਲੈ ਨਿਗ੍ਹਾਨੀ ਕੀਤੀ। ਦੁਆਪਰ ਵਿਚ ਭਗਵਾਨ ਕ੍ਰਿਸ਼ਨ ਨੇ ਪਾਂਡਵਾਂ ਪਾਸੋਂ ਅਨੇਕ ਹਵਨ ਯਗ ਕਰਾਏ। ਕਲਿਯੁਗ ਵਿੱਚ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ, ਮੁਗਲ ਜਰਵਾਣਿਆਂ ਤੋਂ ਛੁਟਕਾਰਾ ਕਰਾਉਣ, ਮੁਰਦਿਆਂ ਵਿੱਚ ਜਾਨ ਪਾਣ ਲਈ ਤੇ ਚਿੜੀਆਂ ਤੋਂ ਬਾਜ਼ਾਂ ਨੂੰ ਮਰਵਾਉਣ ਖਾਤਰ, ਨੈਣਾ ਦੇਵੀ ਤੇ ਉਸ ਸਮੇਂ ਕੋਈ ਸਵਾ ਲੱਖ ਰੁਪਏ ਦੀ ਸਮੱਗਰੀ ਨਾਲ ਹਵਨ ਯਗ ਕੀਤਾ। ਜਿਸਦਾ ਫਲ ਇਹ ਹੋਇਆ ਕਿ ਜਰਵਾਣਿਆਂ ਦੇ ਹੜਾਂ ਦੇ ਮੂੰਹ ਮੁੜ ਗਏ। ਉਨਾ ਨੂੰ ਨਾਨੀ ਚੇਤੇ ਕਰਾ ਦਿਤੀ। ਉਸ ਯਗ ਵਿੱਚ ਹਿੱਸਾ ਪਾਉਣ ਵਾਲੇ ਪੰਡਿਤ ਨੂੰ ਖੁਸ਼ੀਆਂ ਬਖਸ਼ੀਆਂ। ਹਵਨ ਸਬੰਧੀ ਗੁਰੂ ਜੀ ਦੇ ਖਿਆਲਾਂ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਉਂ ਉਲੀਕਿਆ ਹੈ :

ਯਗ ਤੋ ਧਰਮ ਹਮਾਰਾ ਸਾਰ।
ਕਰਤ ਰਹੇ ਨ੍ਰਿਪ ਮੁਨਿ ਅਵਤਾਰ।
ਸੋ ਤੋ ਹਮ ਭੀ ਕਰਨਾ ਚਹੈ ਹੈ।
ਜਾ ਤੇ ਸਭ ਸ੍ਰਿਸ਼ਟੀ ਸੁਖੀ ਪੈ ਹੈ।
ਇੱਕ ਤੋ ਹੈ ਦੂਰ ਭਿਖ ਅਤਿ ਭਾਰੀ।
ਹੈ ਪੜ ਰਹਿਉ ਨ ਬਰਸਤ ਬਾਰੀ।
ਦੂਸਰ ਭਾਰਤ ਵਰਸ਼ ਮਝਾਰੇ।
ਮਹਾਂ ਮਰੀ ਪੜ ਰਹੀ ਅਪਾਰੇ।
ਤ੍ਰਿਤੀਏ ਸੇ ਨਰ ਨਾਰੀ ਆਰਜ।
ਛੋਡਿ ਰਹੇ ਨਿਜ ਧਰਮੋਂ ਖਾਰਜ।
ਪਾਪ ਕੁਕਰਮਨ ਮੈਂ ਅਤਿ ਲਾਗੇ।
ਇਸੀ ਹੇਤ ਬਨ ਰਹੇ ਅਭਾਗੇ।
ਜਗ ਹੋਮ ਲੋ ਸੁਕ੍ਰਿਤ ਜੋ ਹੈ।
ਧਾਰਮ ਤੁਰਕ ਕਰਨ ਨਹੀਂ ਦੇਂ ਹੈ।

ਪਰ

ਹਮ ਜਬ ਹਵਨ ਜਗ ਕਰਵੈ ਹੈਂ।
ਖੁਸ਼ ਹੋ ਘਨ ਜਲ ਬਹੁ ਬਰਸੈ ਹੈਂ।
ਦੁਰਭਿਖ ਨਸੈ ਅੰਨ ਬਹੁ ਥੈਹੇ।
ਸੁਕ੍ਰਿਤ ਸਭ ਕਰਨੈ ਲਗ ਜੈ ਹੈ।
ਨਸੈ ਅਵਿਦਿਆ ਵਿਦਿਆ ਐ ਹੈ।
ਸੂਰ ਬੀਰਤਾ ਦ੍ਰਿੜ ਪ੍ਰਗਟੈ ਹੈਂ।
ਵਰਨ ਆਸ਼ਰਮੀ ਜਨ ਹੈ ਜੇਤੇ
ਕਾਇਰਤਾ ਕਰ ਪੂਰਨ ਤੇਤੇ
ਉਨੈ ਹਵਨ ਕੀ ਪਵਨ ਲਗੀ ਜਬ,
ਸੇਰ ਬਘਿਆੜਨ ਸੇ ਹਵੈ ਹੈ ਸਭ
ਸੂਰਬੀਰਤਾ ਉਨ ਮੈਂ ਜਗ ਹੈਂ
ਧਰਮ ਪੁਰਾਤਨ ਕਰਨੈ ਲਗ ਹੈਂ
ਬਾਲਕ ਭਾਗਵਾਨ ਪ੍ਰਗਟੈ ਹੈ
ਰੋਗ ਸੀਤਲਤਾ ਆ ਦਿਨਸੈ ਹੈ
ਉਤਮ ਗੁਣ ਸਤਿ ਆਦਕ ਜੋ ਹੈ
ਭਾਵਨ ਕਹੇ ਵੇਦ ਜਿਗ ਮੋ ਹੈ
ਸੋ ਅਵਸ਼ ਜਗ ਮੈ ਪ੍ਰਗਟੈਂ ਹੈ।
ਹੋਮ ਯਗ ਜਿਧਵਤ ਜਬ ਸੈ ਹੈਂ

ਮੈਂ ਤਾਂ ਇਹ ਕਹਿਣੋਂ ਵੀ ਸੰਕੋਚ ਨਹੀਂ ਕਰਾਂਗਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਇਨਾਂ ਆਪਣੀਆਂ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰਖਣ ਵਾਸਤੇ ਹੀ ਬਲੀਦਾਨ ਦਿਤੇ।

ਪੁਰਾਣੇ ਸਿੰਘ ਜੰਗਲਾਂ ਵਿੱਚ ਰਹਿੰਦੇ ; ਨੰਗ ਧੜੰਗ ਜੀਵਨ ਬਤੀਤ ਕਰਦੇ ਹਵਨ ਕੀਤਾ ਕਰਦੇ ਸਨ। ਗਿਆਨੀ ਗਿਆਨ ਸਿੰਘ ਜੀ ਬੜੇ ਪ੍ਰੇਮ ਨਾਲ

ਵਰਨਣ ਕਰਦੇ ਹਨ ।

ਕੀਰਤਨ, ਕਥਾ, ਪਾਠ, ਗੁਰੂ ਗ੍ਰੰਥ ਜੀ ਕੇ ਥਾਟ
ਜੋਤ ਮੇਲ ਨਾਟ, ਰਾਠ ਕਾਨ ਮੇਲ ਠਾਠੀ ਥੇ
ਹੋਮ ਯਗ ਕਰਵਾਤੇ ਪ੍ਰਸਾਦ ਬਟਵਾਤੇ
ਰੌਣਕ ਰਖਾਤੇ, ਗਾਤੇ ਸ਼ਬਦ ਜ਼ਬਾਨੀ ਥੇ ।

ਇਤਿਹਾਸ ਗਵਾਹ ਹੈ, ਕਿ ਸਮੂਹ ਗੁਰੂ ਸਾਹਿਬਾਨ ਦੇ ਸਵਾਏ (ਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਤੇ ਸਤਿਗੁਰੂ ਜਗਜੀਤ ਸਿੰਘ ਜੀ) ਜਿਨ੍ਹਾਂ ਦੇ ਅਨੰਦ ਸਤਿਗੁਰੂ ਰਾਮ ਸਿੰਘ ਜੀ ਦੀ ਅਨੰਦ ਮਰਯਾਦਾ ਅਨੁਸਾਰ ਹੋਏ, ਬਾਕੀ ਗੁਰੂ ਸਾਹਿਬਾਨ ਦੇ ਵਿਵਾਹ ਬ੍ਰਾਹਮਣ ਰੀਤੀ ਅਨੁਸਾਰ ਹਵਨ ਅਨੁਸਾਰ ਹੋਏ ।

ਨਾਮਧਾਰੀ ਭਾਰਤ ਦੀ ਸਨਾਤਨਤਾ ਦੀ ਪ੍ਰੰਪਰਾ ਦੇ ਪ੍ਰਤੀਕ ਹਨ । ਹਵਨ ਨੂੰ ਬੜੀ ਮਹਾਨਤਾ ਦੇਂਦੇ ਹਨ ਤੇ ਹਰ ਕਾਰਜ ਸਿਧੀ ਦਾ ਬੀਜ-ਮੰਤਰ ਸਮਝਦੇ ਹਨ । ਸਤਿਗੁਰੂ ਪ੍ਰਤਾਪ ਸਿੰਘ ਸੰਨ ੧੯੩੭ ਵਿਚ ਸ੍ਰੀ ਭੈਣੀ ਸਾਹਿਬ ਦੀ ਪਵਿਤਰ ਧਰਤੀ ਸਵਾ ਲੱਖ ਚੰਡੀ ਦੀ ਵਾਰ ਦੇ ਪਾਠਾਂ ਸਹਿਤ ਹਵਨ ਯਗ ਕੀਤਾ ਜਿਸਦਾ ਫਲ ਇਹ ਹੋਇਆ ਕਿ ਉਸ ਸਮੇਂ ਲਾਹੌਰ ਵਿੱਚ, ਇੱਕ ਮਾਡਰਨ ਮਸ਼ੀਨਾਂ ਨਾਲ ਬੁਚੜਖਾਨਾ ਕਾਇਮ ਹੋ ਰਹਿਆ ਸੀ, ਭਾਰਤ ਵਰਸ਼ ਦੇ ਹਿੰਦੂ ਨੇਤਾ ਬਹੁਤ ਦੁਖੀ ਸਨ । ਪਰ ਪ੍ਰਸੰਨਤਾ ਨਾਲ ਕਹਿਣਾ ਪੈਂਦਾ ਹੈ, ਕਿ ਅਜੇ ਹਵਨ ਚਲ ਰਹਿਆ ਸੀ, ਕਿ ਬੁਚੜਖਾਨੇ ਦੀ ਸਕੀਮ ਖਤਮ ਹੋ ਗਈ । ਤੇ ਹਿੰਦੂ ਜਗਤ ਵਿਚ ਘਿਉ ਦੇ ਦੀਵੇ ਜਗੇ ।

ਸਤਿਗੁਰੂ ਜਗਜੀਤ ਸਿੰਘ ਜੀ ਅੰਨ ਸੰਕਟ, ਹੜ ਸੰਕਟ ਤੇ ਵਿਸ਼ਵ ਅਮਨ ਖਾਤਰ ਸਾਵਨ ੨੦੨੧ ਵਿਚ ਹਵਨ ਯਗ ਕੀਤਾ । ਸ੍ਰੀ ਜੀਵਨ ਨਗਰ ਤੇ ਮਸਤਾਨ ਗੜ੍ਹ ਵਡੇ ਹਵਨ ਕਰਾਏ ਸਨ । ਕਲ ਦੀ ਗਲ ਹੈ, ਜਦੋਂ ਯੂ.ਕੇ, ਇੰਗਲੈਂਡ ਵਿਚ ਜਲ ਦਾ ਕਾਲ ਪੈ ਗਿਆ ਪਾਣੀ ਰਾਸ਼ਨ ਤੇ ਮਿਲਣ ਲਗਾ । ਸਤਿਗੁਰੂ ਜੀ ਉਸ ਧਰਤੀ ਤੇ ਚਰਨ ਪਾਏ । ਓਥੋਂ ਦੇ ਵਸਨੀਕਾਂ ਦੀ ਬੇਨਤੀ ਪ੍ਰਵਾਨ ਕਰ ਸੱਚੇ ਪਾਤਸ਼ਾਹ ਹਵਨ ਦਾ ਹੁਕਮ ਕੀਤਾ । ਹਵਨ ਕੀਤਾ ਗਿਆ, ਬਸ ਵਰਖਾ ਸ਼ੁਰੂ ਹੋ ਗਈ ਲੋਕਾਂ ਵਿਚ ਜਾਨ ਪੈ ਗਈ । ਅਖਬਾਰਾਂ ਨੇ ਧੰਨਵਾਦ ਕੀਤਾ । ਕਲ ਦੀ ਗਲ ਹੈ ਕਿ ਸੰਸਾਰ ਦੀ ਵਿਗੜਦੀ ਹਾਲਤ ਨੂੰ ਠੀਕ ਰਖਣ ਤੇ ਮਾਰੂ ਹਥਿਆਰਾਂ ਦੇ ਅਸਰ ਤੋਂ ਬਚਾਉਣ ਖਾਤਰ ਸੱਚੇ ਪਾਤਸ਼ਾਹ ਸ੍ਰੀ ਭੈਣੀ ਸਾਹਿਬ ਅੰਦਰ ਅਸੂ ੨੦੩੯ ਵਿਚ ਚੰਡੀ ਦੀ ਵਾਰ ਦੇ ਪਾਠਾਂ ਨਾਲ ਮਹਾਨ ਹਵਨ ਯੱਗ ਕਰਕੇ ਅਮਨ ਤਾਕਤਾਂ ਨੂੰ ਸ਼ਕਤੀ ਬਖਸ਼ੀ । ਇਹ ਪ੍ਰੰਪਰਾ ਆਤਮਿਕ ਬਲ ਅਤੇ ਸਰੀਰਕ ਬਲ ਦੋਹਾਂ ਵਾਸਤੇ ਜ਼ਰੂਰੀ ਹੈ ।

ਧਰਮ ਗ੍ਰੰਥ ਤੇ ਮਹਾਂ ਪੁਰਸ਼ ਦਸਦੇ ਹਨ, ਕਿ ਜੋ ਵਿਸ਼ਵ ਵਿੱਚ ਮਨੁਖ ਵਸਦੇ ਹਨ, ਤਾਂ ਆਕਾਸ਼ ਵਿੱਚ ਅਦਿਖ ਸ਼ਕਤੀਆਂ ਵਸਦੀਆਂ ਹਨ, ਜਿਵੇਂ ਸ਼ਹੀਦ ਦੇਵ ਗਣ ਆਦਿ । ਹਵਨ ਕਰਨ ਨਾਲ ਜੋ ਸੰਸਾਰੀ ਜੀਵ ਜੰਤਾਂ ਨੂੰ ਲਾਭ ਪੁਜਦਾ ਹੈ, ਤਾਂ ਦੇਵ ਗਣ ਵੀ ਪ੍ਰਸੰਨ ਹੁੰਦੇ ਹਨ । ਜਿਸ ਸਥਾਨ ਤੇ ਪਵਿਤਰ ਮਰਯਾਦਾ ਨਾਲ ਹਵਨ ਹੁੰਦਾ ਹੈ, ਉਥੇ ਅਰਸ਼ੀ ਸ਼ਕਤੀਆਂ ਵੀ ਉਸ ਸਮਾਗਮ ਵਿੱਚ ਸ਼ਾਮਲ ਹੋ, ਖੁਸ਼ੀਆਂ ਪ੍ਰਦਾਨ ਕਰਦੀਆਂ ਹਨ ।

ਭੁਲੜ ਲੋਗ ਹਵਨ ਸਮਗਰੀ ਜਾਂ ਹਵਨ ਵਿੱਚ ਵਰਤਿਆ ਘਿਉ, ਚੰਦਨ, ਖੰਡ ਆਦਿ ਵਸਤਾਂ ਨੂੰ ਸਾੜ ਫੂਕ ਵਸਦੇ ਤੋਂ ਮਖੌਲ ਕਰਦੇ ਹਨ । ਪਰ ਹਵਨ ਵਿਚ ਵਰਤੀ ਸਮਗਰੀ ਦੀ ਇੱਕ ਇਕ ਵਸਤੂ ਹਜ਼ਾਰਾਂ ਪ੍ਰਾਣੀਆਂ ਵਾਸਤੇ ਲਾਭਕਾਰੀ ਹੁੰਦੀ ਹੈ । ਉਸਦਾ ਲਾਭ ਕੇਵਲ ਮਨੁੱਖਾਂ ਨੂੰ ਹੀ ਨਹੀਂ ਪੁਜਦਾ, ਸਗੋਂ ਪਸ਼ੂ, ਪੰਖੀਆਂ ਤੇ ਬਨਾਸਪਤੀ ਨੂੰ ਵੀ ਪੁਜਦਾ ਹੈ । ਤੁਸੀਂ ਵੇਖੋ ਇਕ ਪਾਈਆ ਘਿਉਂ ਸੰਤ ਸਰਫੇ ਨਾਲ ਸਤ ਅੱਠ ਜਾਂ ਦਸ ਪੁਰਸ਼ਾਂ ਨੂੰ ਲਾਭ ਪੁਜਦਾ ਹੈ, ਪ੍ਰੰਤੂ ਹਵਨ ਵਿਚ ਵਰਤਿਆਂ ਘਿਉਂ ਸੈਂਕੜਿਆਂ ਵਾਸਤੇ ਗੁਣਕਾਰੀ ਹੁੰਦਾ ਹੈ । ਇੱਕ ਲਾਲ ਮਿਰਚ ਅੱਠ ਦਸ ਆਦਮੀਆਂ ਦਾ ਭੋਜਨ ਸਵਾਦੀ ਬਣਾਂਦੀ ਹੈ, ਪਰ ਜੇਕਰ ਉਹੋ ਮਿਰਚ ਕੋਲਿਆਂ ਵਿੱਚ ਰੱਖੀ ਜਾਵੇ ਤਾਂ ਸਾਰੇ ਵਾਯੂ ਮੰਡਲ ਨੂੰ ਕੌੜਾ ਕਰ ਦੇਂਦੀ ਹੈ ਤੇ ਆਲੇ ਦੁਆਲੇ

ਦੇ ਮਨੁਖ ਤੇ ਪਸ਼ੂ ਉਸਦਾ ਅਸਰ ਪ੍ਰਤੀਤ ਕਰਦੇ ਹਨ।

ਸਤਿਗੁਰ ਰਾਮ ਸਿੰਘ ਜੀ ਹਵਨ ਸਮੱਗਰੀ ਵਿਚ ਬਾਈ ਚੀਜ਼ਾਂ ਪਾਣਦਾ ਹੁਕਮ ਕੀਤਾ ਹੈ। ਸੰਦਲ ਸੁਰਖ, ਸੰਦਲ ਸਫੈਦ, ਛੜ ਮਥਰਾ, ਇੰਦਰ ਜੌਂ, ਭੋਜ ਪੱਤਰ, ਸੁਪਾਰੀ, ਦਾਖ, ਛੁਹਾਰੇ, ਖੋਪਾ, ਬਾਦਾਮ, ਗੁਗਲ, ਕੇਸਰ, ਮੁਸ਼ਕ ਕਾਫੂਰ, ਲੌਂਗ, ਤ੍ਰਿਲ, ਜੌਂ, ਕਸਤੂਰੀ, ਸੰਧੂਰ, ਛੋਟੀ ਇਲਾਇਚੀ, ਖੰਡ ਤੇ ਘਿਉ। ਜਿਸ ਸਥਾਨ ਤੇ ਇਨ੍ਹਾਂ ਵਸਤਾਂ ਦਾ ਹਵਨ ਕੀਤਾ ਜਾਵੇਗਾ, ਉਥੇ ਕਿਉਂ ਨ ਭਾਗ ਲਗਣਗੇ। ਜੇ ਇਕ ਮਿਰਚ ਇਤਨਾ ਅਸਰ ਕਰ ਸਕਦੀ ਹੈ, ਤਾਂ ਇਹ ਕੀਮਤੀ ਵਸਤਾਂ ਦਾ ਕਿੰਨਾਂ ਲਾਭ ਹੋਵੇਗਾ, ਪਾਠਕ ਜਨ ਆਪ ਅੰਦਾਜ਼ਾ ਲਾਉਣਾ ਤੇ ਦੇਵਤਿਆਂ ਦੀਆਂ ਖ਼ੁਸ਼ੀਆਂ ਵਖਰੀਆਂ।

ਰੋਜ਼ਾਨਾ ਪ੍ਰਤਾਪ ਉਰਦੂ ਮਿਤੀ ੭ ਫਰਵਰੀ ੧੯੮੩ ਵਿੱਚ ਹਵਨ ਦੀ ਮਕਬੂਲੀਅਤ, ਪੱਛਮੀ ਦੇਸ਼, ਜਿਹੜੇ ਵਿਗਿਆਨ ਰਾਹੀਂ ਹਰ ਵਸਤੂ ਦੀ ਪੜਚੋਲ ਕਰਦੇ ਹਨ, ਦੀ ਦਰਸਾਈ ਹੈ। ਉਸ ਵਿਚੋਂ ਕੇਵਲ ਕਾਂਟ ਛਾਂਟ ਕਰਕੇ ਉਸਦਾ ਸਾਰ ਪੇਸ਼ ਕੀਤਾ ਹੈ। ਪੱਛਮ ਦੇ ਲੋਕ ਹਵਨ ਨਾਲ ਬੀਮਾਰੀਆਂ ਦੂਰ ਕਰਨ ਲਗ ਪਏ ਹਨ। ਇਸ ਨੂੰ ਉਨਾਂ "ਹੋਮਾ ਥਰੇਪੀ" ਕਹਿ ਕੇ ਪ੍ਰਚਾਰਿਆ ਹੈ। ਉਨਾਂ ਦੇ ਵਿਚਾਰਾਂ ਅਨੁਸਾਰ ਹਵਨ ਕਰਨ ਨਾਲ ਦਿਮਾਗ ਦਾ ਤਨਾਉ ਘਟਦਾ ਹੈ ਤੇ ਹਵਾ ਦੀ ਗੰਦਗੀ ਵੀ ਦੂਰ ਹੁੰਦੀ ਹੈ।

(ੳ) 1. ਅਮਰੀਕਾ ਦੇ ਡਾਕਟਰ ਬੇਰੀ ਏਥਨ ਦੇ ਕਥਨਾ ਅਨੁਸਾਰ ਹਵਨ ਨਾਲ ਬਚਿਆਂ ਦੀ ਮਿਰਗੀ ਠੀਕ ਹੋ ਜਾਂਦੀ ਹੈ।

2. ਬਚਿਆਂ ਦੇ ਦਿਮਾਗ ਵਧਦੇ ਫੁਲਦੇ ਹਨ।

3. ਬਚਿਆਂ ਦੀ ਬਦਹਜ਼ਮੀ ਵੀ ਠੀਕ ਹੋ ਜਾਂਦੀ ਹੈ।

4. ਕਈ ਪੁਰਸ਼ਾਂ ਨੇ ਇਸ ਦੇ ਅਸਰ ਹੇਠਾਂ ਆਕੇ ਸਿਗਰਟ ਪੀਣਾ ਵੀ ਛਡ ਦਿਤਾ ਹੈ।

ਇਹ ਗੁਣ ਡਾਕਟਰ ਸਾਹਿਬ ਨੇ ਕੇਵਲ ਦੇਸੀ ਘਿਉ, ਚੌਲ, ਗਾਂ ਦੇ ਗੋਹੇ ਦੀਆਂ ਪਾਥੀਆਂ ਬਾਲ ਕੇ ਤੇ ਮੰਤਰਾਂ ਦਾ ਜਾਪ ਕਰਕੇ ਪ੍ਰਾਪਤ ਕੀਤੇ ਹਨ ਜੇ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਸਮੱਗਰੀ ਵਰਤੀ ਜਾਵੇ ਤਾਂ ਖਿਆਲ ਹੈ, ਕਿ ਡਾਕਟਰਾਂ ਦੇ ਪੇਸ਼ੇ ਦਾ ਭੋਗ ਹੀ ਪੈ ਜਾਵੇ। ਪਰ ਹੋਵੇ ਵਿਧੀ ਪੂਰਵਕ ਤੇ ਮਰਯਾਦਾ ਅਨੁਸਾਰ ਐਵੇਂ ਰਸਮ ਨ ਪੂਰੀ ਕੀਤੀ ਜਾਵੇ।

(ਅ) ਡਾਕਟਰ ਐਰੂੰਡ ਮੂੰਡਕਾਰ ਨੇ ਹਵਨ ਅੰਗੂਰਾਂ ਦੇ ਵਿੱਚ ਕੀਤਾ। ਉਹ ਇਸ ਸਿਟੇ ਤੇ ਪੁਜਾ ਹੈ ਕਿ

(1) ਜਿਹੜੇ ਬੀਜ ਚਾਰ ਮਹੀਨਿਆਂ ਵਿੱਚ ਉਗਦਾ ਸੀ ਜਾਂ ਜੜ ਫੜਨੀ ਸੀ। ਉਸ ਦਾ ੨੫ ਦਿਨਾਂ ਉਪ੍ਰੰਤ ਹੀ ਅੰਗੂਰ-ਫੁਟ ਪਇਆ।

(੨) ਹਵਨ ਦੀ ਭਸਮ ਸਰੋਂ ਦੀਆਂ ਪੈਲੀਆਂ ਵਿਚ ਪਾਈ ਗਈ ਤਾਂ ਸਰੋਂ ਦੇ ਖੇਤ ਨਵੀਂ ਬੀਮਾਰੀਆਂ ਤੋਂ ਬਚੇ।

(ੲ) ਪੱਛਮੀ ਜਰਮਨੀ ਦੀ ਇੱਕ ਫਰਮ, ਹਵਨ ਰਾਹੀਂ ਦਵਾਈਆਂ ਤਿਆਰ ਕਰਦੀ ਹੈ। ਉਹ ਦਵਾਈਆਂ ਅਖਾਂ ਵਾਸਤੇ ਲਾਭ ਕਾਰੀ ਸਾਬਤ ਹੋਈਆਂ ਹਨ।

(2) ਹਵਨ ਨਾਲ ਪੈਦਾ ਹੋਏ ਵਾਸ਼ਪਕਣਾਂ ਰਾਹੀਂ ਬੁਖਾਰ, ਜ਼ੁਕਾਮ, ਚਮੜੀ ਦੇ ਰੋਗ, ਨ ਭਰੇ ਜਾਣ ਵਾਲੇ ਜ਼ਖਮ ਦਾਦ, ਦਮਤ, ਗਲੇ ਦੀਆਂ ਗਿਲਟੀਆਂ, ਪੱਠਿਆਂ ਦੇ ਦਰਦ ਸਭ ਠੀਕ ਹੋ ਜਾਂਦੇ ਹਨ।

(ਸ) ਹਵਨ ਅਮਰੀਕਾ ਵਿਚ ਪ੍ਰਚਲਤ ਹੋ ਰਹਿਆ ਹੈ। (ਬਾਲਟੀ ਮੋਰ) ਨਾਮੀ ਸ਼ਹਿਰ ਜਿਹੜਾ ਮਿਰੀਲੈਂਡ ਵਿਚ ਸਥਿਤ ਹੈ, ਉਥੇ ਇੱਕ ਫਾਰਮ ਵਿੱਚ ਦਿਨ ਰਾਤ ਹਵਨ ਹੁੰਦਾ ਰਹਿੰਦਾ ਹੈ।

ਇਹ ਖਬਰਾਂ ਬਾਹਰਲੀ ਦੁਨੀਆਂ ਦੀਆਂ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਇਸੇ ਸਦੀ ਦੇ ਦੂਸਰੇ ਦਹਾਕੇ ਤੋਂ ਸ੍ਰੀ ਭੈਣੀ ਸਾਹਿਬ ਭਜਨ ਦੀ

(ਦੇਖੋ ਬਾਕੀ ਪੇਜ 10 ਉੱਤੇ)

ਵਰਨੀ ਅਰੰਭੀ ਜਿਹੜੀ ਚਵੀ ਘੰਟੇ ਜਾਰੀ ਰਹਿੰਦੀ ਹੈ, ਤੇ ਹਵਨ ਵੀ ਹੁੰਦਾ ਰਹਿੰਦਾ ਹੈ। ਜਦ ਉਨਾਂ ਭਿਆਨਕ ਸਮੇਂ ਨੂੰ ਮੁਖ ਰਖਦਿਆਂ ਸ੍ਰੀ ਜੀਵਨ ਨਗਰ ਵਸਾਇਆ ਤਾਂ ਹਵਨ ਸਹਿਤ ਵਰਨੀ ਅਰੰਭ ਦਿਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਨਾਂ ਵਰਨੀਆਂ ਨਾਲ ਇੱਕ ਇੱਕ ਹੋਰ ਵਰਨੀ ਅਰੰਭ ਕਰ ਦਿਤੀ। ਸਮੇਂ ਦੇ ਮਾਲਿਕ ਜਿਹੜਾ ਕੋਈ ਨਵਾਂ ਕਾਰਜ ਆਰੰਭ ਕਰਦੇ ਹਨ, ਜਾਂ ਕਿਸੇ ਸਮਾਗਮ ਦੀ ਤਿਆਰੀ ਵਾਸਤੇ ਆਗਿਆ ਦੇਂਦੇ ਹਨ ਤਾਂ ਹਵਨ ਸਹਿਤ ਵਰਨੀ ਦਾ ਆਦੇਸ਼ ਜਾਰੀ ਕਰ ਦੇਂਦੇ ਹਨ। ਇਸ ਐਟਮ ਬੰਬ ਦੇ ਯੁਗ ਵਿਚ ਜੇ ਵਿਧੀ ਪੂਰਵਕ ਹਵਨ ਹੋਣ ਲਗ ਪੈਣ ਤਾਂ ਮਾਰੂ ਹਥਿਆਰਾਂ ਦੇ ਅਸਰ ਤੋਂ ਬਹੁਤ ਹੱਦ ਤੱਕ ਬਚਿਆ ਜਾ ਸਕਦਾ ਹੈ। ਕਿਉਂਕਿ ਗੁਪਤ ਫੌਜਾਂ ਹਵਨ ਨਾਲ ਪ੍ਰਸੰਨ ਹੁੰਦੀਆਂ ਹਨ ਤੇ ਉਹ ਭਾਂਬੜਾਂ ਵਿੱਚੋਂ ਵੀ ਬਚਾ ਸਕਦੀਆਂ ਹਨ, ਜਿਵੇਂ ਪ੍ਰਹਿਲਾਦ ਦੀ ਰਖਿਆ ਹੋਈ ਸੀ।

ਸਿਮਰਨ ਤੇ ਇਸ ਦਾ ਸਮਾਂ

ਸਵਰਨ ਸਿੰਘ ਸਨੇਹੀ
ਐਮ. ਏ.

ਸਿਮਰਨ ਦਾ ਭਾਵ ਅਕਾਲ ਪੁਰਖ ਦੇ ਪਵਿੱਤਰ ਨਾਮ ਦਾ ਜਾਪ ਕਰਨ ਤੋਂ ਹੈ। 'ਕਿਰਤਮ ਨਾਮ ਕਥੇ ਤੇਰੇ ਜਿਹਬਾ' (੧੦੮੩) ਦੇ ਵਾਕ ਅਨੁਸਾਰ ਅਸੀਂ ਪ੍ਰਮਾਤਮਾ ਦੇ ਕਿਰਤਮ ਨਾਮ ਹੀ ਜਾਪਦੇ—ਉਚਾਰਦੇ ਹਾਂ ਤੇ ਇਨ੍ਹਾਂ ਨਾਵਾਂ ਦੀ ਗਿਣਤੀ ਦਾ ਵੀ ਕੋਈ ਆਰ ਪਾਰ ਨਹੀਂ। ਤਦ ਹੀ ਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਹੈ—

ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤ ॥ (ਜਾਪ ਸਾਹਿਬ)

ਵਿਦਵਾਨਾਂ ਅਨੁਸਾਰ ਉਪਾਸਨਾ, ਜਪ, ਸਿਮਰਨ ਤੇ ਭਜਨ ਵਿਚ ਥੋੜ੍ਹਾ ਬਹੁਤਾ ਫਰਕ ਜ਼ਰੂਰ ਹੈ। 'ਜਪ' ਦੇ ਅਗੋਂ ਵਿਰ ਤਿੰਨ ਭੇਦ ਕੀਤੇ ਹਨ—(੧) ਵਾਚਕ (੨) ਉਪਾਸ਼ੂ ਤੇ (3) ਮਾਨਸ। ਵਾਚਕ ਜਪ ਉਸ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਸਪਸ਼ਟ ਅਖਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਪਾਸ਼ੂ ਵਿਚ ਵਿਚ ਸ਼ਬਦ ਜਾਂ ਮੰਤਰ ਦਾ ਉਚਾਰਨ ਇਸ ਢੰਗ ਨਾਲ, ਹੋਠਾਂ ਦੇ ਅੰਦਰ ਅੰਦਰ ਹੀ, ਕੀਤਾ ਜਾਂਦਾ ਹੈ ਕਿ ਕਿਸ ਨੂੰ ਕੋਲ ਬੈਠਾ ਕੋਈ ਦੂਜਾ ਜਣਾ ਨਾ ਸੁਣ ਸਕੇ। ਮਾਨਸ ਜਪ ਉਹ ਹੈ ਜੋ ਕੀਤਾ ਹੀ ਮਨ ਵਿਚ ਜਾਂਦਾ ਹੈ ਜਿਵੇਂ ਭਾਈ ਗੁਰਦਾਸ ਜੀ ਨੇ ਭਗਤ ਪ੍ਰਹਿਲਾਦ ਬਾਰੇ ਲਿਖਿਆ ਹੈ—

ਸਿਮਰੈ ਮਨ ਵਿਚ ਰਾਮ ਨਾਮ ਗਾਵੈ ਸਬਦ ਅਨਾਹਦ ਨਾਦ ॥
(ਵਾਰ ੧੦, ਮ: ੨ ਭਾ: ਗੁਰਦਾਸ)

ਜਿਸ ਸ਼ਬਦ ਦਾ ਜਾਪ ਜਾਂ ਸਿਮਰਨ ਕੀਤਾ ਜਾਂਦਾ ਹੈ ਗੁਰਬਾਣੀ ਵਿਚ 'ਉਸ ਨੂੰ ਮੰਤ੍ਰ ਜਾਂ ਗੁਰਮੰਤ੍ਰ ਕਿਹਾ ਗਿਆ ਹੈ। ਮੰਤ੍ਰ ਦਾ ਅਰਥ ਵੀ ਇਹੋ ਕੀਤਾ ਜਾਂਦਾ ਹੈ ਕਿ ਜੋ ਗੁਪਤ ਜਪਿਆ ਜਾਵੇ। ਅਗੋਂ ਹੋਰ ਬਰੀਕੀ ਵਿਚ ਜਾਈਏ ਤਾਂ ਮੰਤ੍ਰ ਤਾਂ ਕਈ ਹੋਰ ਵੀ ਹੋ ਸਕਦੇ ਹਨ ਜਿਵੇਂ ਜਾਦੂ ਟੂਣੇ ਕਰਨ ਵਾਲੇ ਆਦਮੀ ਵੀ ਮੰਤ੍ਰ ਪੜ੍ਹਦੇ ਸੁਣੀਂਦੇ ਹਨ ਪਰ ਗੁਰਮੰਤ੍ਰ ਸਭ ਤੋਂ ਵਿਸ਼ੇਸ਼ ਤੇ ਉਤਮ ਹੈ ਜਿਸ ਦੀ ਪ੍ਰਾਪਤੀ ਕੇਵਲ ਗੁਰੂ ਕੋਲੋਂ ਹੀ ਹੋ ਸਕਦੀ ਹੈ—ਹੋਰ ਕਿਤਿਊਂ ਨਹੀਂ। ਗੁਰੂ ਅਮਰਦਾਸ ਜੀ ਦਾ ਕਥਨ ਹੈ—

ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ।
(ਮਲਾਰ ਮ: ੩, ਪੰਨਾ—੧੨੫੯)

ਗੁਰਮਤਿ ਵਿਚ ਗੁਰਮੰਤ੍ਰ ਦੀ ਵਿਸ਼ੇਸ਼ਤਾ ਸ਼ਾਇਦ ਇਸ ਕਰਕੇ ਵੀ ਹੈ ਕਿ ਗੁਰਮਤਿ ਨੇ, ਜੰਗਲਾਂ ਵਿਚ ਫਿਰਕੇ, ਭੁਖੇ ਨੰਗੇ ਰਹਿ ਕੇ, ਪੈਰਾਂ ਵਿਚ ਕੰਢੇ ਚੁਭਾਉਣ ਦੀ ਵਿਚਾਰਧਾਰਾ ਦੀ ਵਿਰੋਧਤਾ ਕੀਤੀ ਹੈ। ਫਰੀਦ ਜੀ ਕਹਿੰਦੇ ਹਨ—

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ, ਵਣਿ ਕੰਡਾ ਮੋੜੇਹਿ ।
ਵਸੀ ਰਬੁ ਹਿਆਲੀਐ, ਜੰਗਲੁ ਕਿਆ ਢੂਢੇਹਿ ?

(ਸਲੋਕ ਫਰੀਦ, ੧੩੭੮)

ਗੁਰਮਤਿ ਵਿਚ ਗ੍ਰਿਸਤ ਦੀ ਹੀ ਪ੍ਰਧਾਨਤਾ ਹੈ । ਜੇ ਗੁਰਮੰਤ੍ਰ ਪ੍ਰਾਪਤ ਹੋਵੇ ਤਾਂ ਪ੍ਰਾਣੀ ਗ੍ਰਿਸਤ ਵਿਚ ਰਹਿ ਕੇ, ਇਸ ਦਾ ਸਿਮਰਨ ਕਰ ਕੇ ਮਨ ਦੀ ਸਾਂਤੀ ਪ੍ਰਾਪਤੀ ਕਰ ਸਕਦਾ ਹੈ । ਗੁਰਮੰਤ੍ਰ ਤੋਂ ਰਹਿਤ ਬੰਦਾ ਭਾਵੇਂ ਜੰਗਲਾਂ ਵਿਚ ਵੀ ਫਿਰੀ ਜਾਵੇ ਫਿਰ ਵੀ ਸ਼ਾਂਤੀ ਪ੍ਰਾਪਤੀ ਨਹੀਂ ਹੁੰਦੀ ਤਾਂ ਹੀ ਤਾਂ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ—

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸ ।......
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ।

(ਸਿਰੀ ਰਾਗ ਮ: ੧, ਪੰਨਾ ੨੨)

ਕਿਉਂਕਿ ਜੰਗਲਾਂ ਵਿਚ ਫਿਰਨ ਨਾਲ ਵੀ ਮਨ ਦੇ ਵਿਕਾਰ ਦੂਰ ਨਹੀਂ ਹੁੰਦੇ ਤੇ ਜਿੰਨਾਂ ਚਿਰ ਮਨ ਸਾਫ ਨਹੀਂ ਉਨਾਂ ਚਿਰ ਪ੍ਰਮਾਤਮਾ ਪ੍ਰਾਪਤੀ ਮ੍ਰਿਗ ਤ੍ਰਿਸ਼ਨਾ ਵਾਂਗ ਇਕ ਸੁਪਨਾ ਹੀ ਰਹਿੰਦਾ ਹੈ—

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ।
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ।

(ਬਿਲਾਵਲ ਕਬੀਰ, ਪੰਨਾ ੮੫੫)

ਗੁਰਮੰਤ੍ਰ ਦੀ ਗੁਰਮਤਿ ਵਿਚ ਕਿੰਨੀ ਮਹਾਨਤਾ ਹੈ ਇਸ ਗੱਲ ਦਾ ਅਨੁਮਾਨ ਇਥੋਂ ਹੀ ਲਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ 'ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗਤ ਜਨਮ ਭ੍ਰਸਟਣਹ । ਕੂਕਰਹ, ਸੂਕਰਹ, ਗਰਧਭਹ, ਕਾਕਹ, ਸਰਪਨਹ ਤੁਲਿ ਖਲਹ ।' ਦਾ ਵਾਕ ਉਚਾਰ ਕੇ ਗੁਰਮੰਤ੍ਰਹੀਨ ਪ੍ਰਾਣੀ ਨੂੰ ਕੁਤੇ, ਸੂਰ, ਖੋਤੇ, ਕਾਂ ਤੇ ਸੱਪ ਨਾਲੋਂ ਵੀ ਹੀਣ ਦਸਿਆ ਹੈ । ਇਥੇ ਹੀ ਬੱਸ ਨਹੀਂ, ਜੋ ਗੁਰਮੰਤ੍ਰ ਨੂੰ ਪ੍ਰਾਪਤ ਕਰਕੇ ਇਸ ਦਾ ਚਿੰਤਨ ਜਾਂ ਸਿਮਰਨ ਨਹੀਂ ਕਰਦਾ ਉਸ ਨੂੰ ਵੀ ਮੰਦਾ ਗਿਣਿਆ ਗਿਆ ਹੈ । ਨਾਮ ਨਾ ਜਪਣ ਵਾਲੇ ਨੂੰ ਗੁਰਬਾਣੀ ਵਿਚ ਆਤਮਘਾਤੀ ਵੀ ਕਿਹਾ ਗਿਆ ਹੈ । ਅਜਿਹੇ ਬੰਦੇ ਦੀ ਅਗੋਂ ਕੁੱਲ ਹੀ ਬੰਦ ਕਰ ਦੇਣ ਦੀ ਅਰਦਾਸ ਪ੍ਰਮਾਤਮਾ ਅਗੇ ਕਰਦੇ ਹੋਏ ਗੁਰੂ ਰਾਮਦਾਸ ਜੀ ਲਿਖਦੇ ਹਨ—

ਹਰਿ ਤਿਸਕੈ ਕੁਲਿ ਪਰਸੂਤਿ ਨ ਕਰੀਅਹੁ,
ਤਿਸੁ ਬਿਧਵਾ ਕਰਿ ਮਹਤਾਰੀ । (ਰਾਗੁ ਮਲਾਰ ਮ: ੪, ੧੨੬੩)

'ਜਪੁਜੀ' ਵਿਚ ਗੁਰੂ ਨਾਨਕ ਦੇਵ ਨੇ ਦਲੀਲਾਂ ਦੇ ਕੇ ਸਮਝਾਇਆ ਹੈ ਕਿ ਜਿਸ ਤਰ੍ਹਾਂ ਗੰਦੇ ਮੰਦੇ ਕਪੜੇ ਕਪੜੇ ਨੂੰ ਸਾਬਣ ਲਾ ਕੇ ਸਾਫ ਕਰ ਲਈਦਾ ਹੈ ਇਸੇ ਤਰ੍ਹਾਂ ਹੀ ਪਾਪਾਂ ਨਾਲ ਖਰਾਬ ਤੇ ਮੈਲੇ ਹੋਏ ਮਨ ਨੂੰ 'ਨਾਮ' ਜਪ ਕੇ ਸਾਫ ਕਰ ਲਈਦਾ ਹੈ । ਪਰ ਭਗਤ ਕਬੀਰ ਜ਼ਰਾ ਹੋਰ ਵਿਸਥਾਰ ਦੇ ਕੇ, ਇਸੇ ਨੂੰ ਸਪਸ਼ਟ ਕਰਦਾ ਹੋਇਆ, ਕਹਿੰਦਾ ਹੈ ਕਿ ਨਾਮ ਜਪਣ ਨਾਲ ਮਨ ਕੇਵਲ ਸਾਫ ਹੀ ਨਹੀਂ ਹੁੰਦਾ ਸਗੋਂ ਇੰਨਾਂ ਪਵਿਤਰ ਵੀ ਹੋ ਜਾਂਦਾ ਹੈ ਕਿ ਜਿਸ ਪ੍ਰਮਾਤਮਾ ਨੂੰ ਜੀਵ ਪਹਿਲਾਂ ਕਿਸੇ ਜਤਨ ਨਾਲ ਵੀ ਲੱਭ ਨਹੀਂ ਸਕਿਆ ਹੁੰਦਾ, ਉਹ ਅਕਾਲ ਪੁਰਖ, ਨਾਮ ਜਪਣ ਵਾਲੇ ਦੇ ਮਗਰ ਮਗਰ ਫਿਰਨ ਲੱਗ ਪੈਂਦਾ ਹੈ—

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ।

ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ।

(ਸਲੋਕ ਕਬੀਰ, ਪੰਨਾ—੧੩੬੭)

ਨਾਮ ਦਾ ਪ੍ਰਤਾਪ ਤੇ ਮਹਾਤਮ ਇਤਨਾ ਹੈ ਕਿ ਜਿਥੇ ਬੈਠ ਕੇ ਇਸ ਦਾ ਸਿਮਰਨ ਕੀਤਾ ਜਾਂਦਾ ਹੈ ਉਸ ਸਾਧਾਰਨ ਸਥਾਨ ਨੂੰ ਵੀ ਗੁਰਬਾਣੀ ਵਿਚ ਸੋਨੇ ਦੇ ਚੌਬਾਰਿਆਂ ਨਾਲ ਤੁਲਨਾ ਦਿਤੀ ਗਈ ਹੈ ਪਰ ਜਿਥੇ ਨਾਮ ਨਹੀਂ ਜਪਿਆ ਜਾਂਦਾ ਉਹ ਮਹਿਲ ਮੁਨਾਰੇ ਵੀ ਕਿਸੇ ਕੰਮ ਨਹੀਂ ਕਿਉਂਕਿ ਉਹ ਤਾਂ ਸਗੋਂ ਮਨ ਨੂੰ ਮਾਇਆ ਵਿਚ ਫਸਾ ਕੇ ਪ੍ਰਮਾਤਮਾ ਤੋਂ ਹੋਰ ਦੂਰ ਕਰਨ ਦੇ ਜ਼ਿਮੇਵਾਰ ਹੁੰਦੇ ਹਨ। ਇਸੇ ਲਈ ਘੁੱਘ ਵਸਦੇ ਨਗਰਾਂ ਨੂੰ ਉਜਾੜ ਆਖਿਆ ਗਿਆ ਹੈ—

ਜਿਥੈ ਨਾਮ ਜਪੀਐ ਪ੍ਰਭ ਪਿਆਰੇ ।
ਸੇ ਅਸਥਲ ਸੋਇਨ ਚਉਬਾਰੇ ।
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ।
ਸੇਈ ਨਗਰ ਉਜਾੜੀ ਜੀਉ । (ਮਾਝ ਮ: ੫, ਪੰਨਾ—੧੦੫)

ਜਿਨਾਂ ਜ਼ੋਰ ਗੁਰੂ ਜੀ ਨੇ ਨਾਮ ਜਪਣ ਤੇ ਦਿਤਾ ਹੈ ਉਨ੍ਹਾਂ ਹੀ ਮਨ ਨੂੰ ਕਪਟ ਰਹਿਤ ਕਰਨ ਦਾ ਉਪਦੇਸ਼ ਦੇਣ ਤੇ ਵੀ ਦਿਤਾ ਹੈ ਕਿਉਂਕਿ ਜੇ ਮਨ ਵਿਚ ਦੁਬਿਧਾ ਜਾਂ ਕਪਟ ਆਦਿ ਹੀ ਰਿਹਾ ਤਾਂ ਉਥੇ ਨਾਮ ਸਮਾਉਣਾ ਹੀ ਅਸੰਭਵ ਹੈ ਤੇ ਜੇ ਕੋਈ ਕਪਟੀ ਨਾਮ ਸਿਮਰਨ ਕਰਦਾ ਜਾਪਦਾ ਹੈ ਤਾਂ ਉਹ ਲੋਕਾਂ ਨੂੰ ਧੋਖਾ ਦੇਣ ਵਾਸਤੇ ਹੀ ਹੋ ਸਕਦਾ ਹੈ; ਉਸ ਦੀ ਆਤਮਾ ਜਾਂ ਮਨ ਨੂੰ ਇਸ ਦਾ ਕੋਈ ਲਾਭ ਨਹੀਂ—

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ।
ਅਨਦਿਨੁ ਕਰਮ ਕਰਹਿ ਬਹੁ ਤੇਰੇ, ਸੁਪਨੈ ਸੁਖੁ ਨ ਹੋਈ ।

(ਸੂਹੀ ਮ: ੫, ਪੰਨਾ—੭੩੨)

ਇਸ ਤੋਂ ਉਲਟ, ਇਕਾਗਰਮਨ ਨਾਲ ਥੋੜਾ ਚਿਰ ਵੀ ਸਿਮਰਨ ਕਰਨ ਨਾਲ ਹੈਰਾਨੀ ਕੱਟੀ ਜਾਂਦੀ ਹੈ। ਦਸਮੇਸ਼ ਜੀ ਫ਼ਰਮਾਉਂਦੇ ਹਨ—

ਏਕ ਚਿੱਤ ਜਿਹ ਇਕ ਛਿਨ ਧਯਾਯੋ ।
ਕਾਲ ਫਾਸ ਕੇ ਬੀਚ ਨ ਆਯੋ ।

ਗੁਰੂ ਗੋਬਿੰਦ ਸਿੰਘ ਦਾ ਅਨਿੰਨ ਭਗਤ ਭਾਈ ਨੰਦ ਲਾਲ ਕਹਿੰਦਾ ਹੈ—

ਹਰਕਿ ਦਰ ਯਾਦੇ ਖੁਦਾ ਦਾਇਮ ਬਵਦ ।
ਬਾਖੁਦਾ ਕਾਇਮ ਬਵਦ, ਕਾਇਮ ਬਵਦ ।

ਅਰਥਾਤ ਜੋ ਪੁਰਖ ਅੱਠੇ ਪਹਿਰ ਅਕਾਲ ਪੁਰਖ ਦੇ ਸਿਮਰਨ ਵਿਚ ਲੀਨ ਰਹਿੰਦਾ ਉਹ ਅਕਾਲ ਪੁਰਖ ਨਾਲ ਨਿਤਥਿਰਤਾ ਪਾਉਂਦਾ ਹੈ।

ਗੁਰਬਾਣੀ ਦੇ ਆਧਾਰ ਤੇ ਇਹ ਗੱਲ ਤਾਂ ਸਪਸ਼ਟ ਹੋ ਗਈ ਕਿ ਜੀਵ ਨੂੰ ਗੁਰਮੰਤ੍ਰ ਪ੍ਰਾਪਤ ਕਰਕੇ ਉਸਦਾ ਸਿਮਰਨ ਕਰਨਾ ਚਾਹੀਦਾ ਹੈ। ਹੁਣ ਅਗਲਾ ਸੁਆਲ ਉਠਦਾ ਹੈ ਕਿ ਇਹ ਸਿਮਰਨ ਕਰਨਾ ਕਿਹੜੇ ਸਮੇਂ ਚਾਹੀਦਾ ਹੈ। ਇਸ ਬਾਰੇ ਵੀ ਗੁਰਬਾਣੀ ਵਿਚ ਇਕ ਨਹੀਂ ਅਨੇਕ ਥਾਈਂ ਸੰਕੇਤ ਦਿਤੇ ਗਏ ਹਨ।

ਇਸ ਗੱਲ ਤੇ ਹੋਰ ਅਗੇ ਵਿਚਾਰ ਕਰਨ ਤੋਂ ਪਹਿਲਾਂ ਇਹ ਗੱਲ ਧਿਆਨ ਵਿਚ ਲਿਆਉਣੀ ਬਣਦੀ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਭਗਤ ਦਾਹ ਤਰ੍ਹਾਂ ਦੇ ਗਿਣੇ ਹਨ—

(੧) ਕਾਮਵਾਨ, (੨) ਆਰਤ, (੩) ਉਪਾਸ਼ਕ ਤੇ (੪) ਗਿਆਨੀ। ਕਾਮਵਾਨ ਤੇ ਆਰਤ ਭਗਤ ਦੀ ਭਗਤੀ ਦਾ ਆਮ ਕਰਕੇ ਕੋਈ ਸਮਾਂ ਨੀਯਤ ਨਹੀਂ—ਉਸ ਨੂੰ ਜਦੋਂ ਕੋਈ ਕੰਮ ਬਣੇ ਜਾਂ ਬਿਪਤਾ-ਸੰਕਟ ਆ ਘੇਰੇ ਉਹ ਉਦੋਂ ਹੀ ਭਗਤੀ ਕਰਦਾ ਹੈ। ਦਰੋਪਦੀ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਦੋਂ ਦੁਸਾਸਨ ਦੀ ਸਭ ਵਿਚ ਉਸ ਨੂੰ ਨੰਗਿਆ ਕਰਨ ਦੇ ਜਤਨ ਸ਼ੁਰੂ ਹੋਣ ਲੱਗੇ ਤਦ 'ਅਖੀਂ ਮੀਟਿ ਧਿਆਨੁ ਧਰਿ, ਹਾ ਹਾ ਕ੍ਰਿਸਨ ਕਰੈ ਬਿਲਲਾਂਦੀ।' ਤੇ ਭਗਵਾਨ ਨੇ ਉਸ ਦੀ ਲਾਜ ਰੱਖੀ ਪਰ ਗੁਰਮਤਿ ਵਿਚ ਇਸ ਭਗਤੀ ਨੂੰ ਇੰਨਾਂ ਚੰਗਾ ਨਹੀਂ ਗਿਣਿਆ ਗਿਆ। ਕਬੀਰ ਦਾ ਸਲੋਕ ਹੈ—

ਕਬੀਰ ਕਾਮਿ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ।
ਅਮਰਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿੱਤ।

(ਸਲੋਕ ਕਬੀਰ, ਪੰਨ ੧੩੭੩)

ਚੌਹ ਕਿਸਮਾਂ ਦੇ ਭਗਤਾਂ ਵਿਚੋਂ ਗਿਆਨੀ ਭਗਤ ਨੂੰ ਹੀ ਸ੍ਰੇਸ਼ਟ ਮੰਨਿਆ ਗਿਆ ਹੈ। ਗਿਆਨੀ ਦੀ ਸਿਫ਼ਤ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਲਿਖਦੇ ਹਨ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ।

(ਸਲੋਕ ਮ: ੯, ਪੰਨਾ—੧੪੨੭)

ਜਿਹੜੇ ਪੁਰਖ ਜਾਂ ਜੀਵ ਨਿਸ਼ਕਾਮ ਭਗਤੀ ਕਰਦੇ ਹਨ ਉਹ ਅੰਮ੍ਰਿਤ ਵੇਲੇ ਨੂੰ ਹੀ ਸਿਮਰਨ ਦਾ ਸਹੀ ਸਮਾਂ ਦਸਦੇ ਹਨ। ਜਪੁ ਵਿਚ ਗੁਰੂ ਨਾਨਕ ਦੇਵ ਜੀ ਨੇ ਵੀ ਇਸੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ—

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ। (ਜਪੁ, ਪੰਨਾ—੨)

ਫਿਰ, ਅੰਮ੍ਰਿਤ ਵੇਲੇ ਵੀ ਗੁਰਸਿਖ ਨੇ ਮੁਖ ਤੌਰ ਤੇ ਤਿੰਨ ਕਰਮ ਕਰਨੇ ਹੁੰਦੇ ਹਨ। ਇਸ਼ਨਾਨ ਕਰਨਾ, ਗੁਰਬਾਣੀ ਦਾ ਪਾਠ ਤੇ ਸਿਮਰਨ ਕਰਨਾ। ਪਹਿਲਾਂ ਤਾਂ ਇਸ਼ਨਾਨ ਕਰ ਕੇ ਪਵਿਤਰ ਹੋਣ ਦਾ ਜ਼ਰੂਰੀ ਹੈ। ਗੁਰੂ ਅਰਜਨ ਵਾਕ ਹੈ—

ਉਠਿ ਇਸਨਾਨੁ ਕਰਹੁ ਪਰਭਾਤੇ, ਸੋਏ ਹਰਿ ਆਰਾਧੇ।

(ਛੰਤ ਮ: ੫, ਪੰਨਾ—੧੧੯੫)

ਭਾਈ ਗੁਰਦਾਸ ਜੀ ਇਸੇ ਵਿਚਾਰ ਦੀ ਇਉਂ ਪ੍ਰੋੜ੍ਹਤਾ ਕਰਦੇ ਹਨ—

ਗੁਰਸਿਖ ਭਲਕੇ ਉੱਠ ਕਰ ਅੰਮ੍ਰਿਤ ਵੇਲੇ ਸਰ ਨ੍ਹਾਵੰਦਾ।

ਅਤੇ (ਵਾਰ ੪੦, ਪਉੜੀ ੧੧)

ਕੁਰਬਾਣੀ ਤਿਨਾਂ ਗੁਰਸਿੱਖਾਂ ਪਿਛਲ ਰਾਤੀਂ ਉਠ ਬਹੰਦੇ।
ਕੁਰਬਾਣੀ ਤਿਨਾਂ ਗੁਰਸਿੱਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ।

(ਵਾਰਾਂ, ਵਾਰ ੧੨, ਪਉੜੀ ੨)

ਇਸ ਤੋਂ ਅਗੇ ਦੋਹ ਗੱਲਾਂ ਦਾ ਰੋਲਾ ਰਹਿ ਗਿਆ ਕਿ ਇਸ਼ਨਾਨ ਕਰਨ ਤੋਂ ਪਿਛੋਂ ਪਹਿਲਾਂ ਗੁਰਬਾਣੀ ਪੜ੍ਹੀ ਜਾਵੇ ਕਿ ਸਿਮਰਨ ਕੀਤਾ ਜਾਵੇ? ਇਸ ਜਿੱਲ੍ਹਣ ਵਿਚੋਂ ਸਾਨੂੰ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਕਢਦੇ ਹਨ। ਗੁਰਸਿਖ ਦਾ ਨਿਤਕਰਮ ਵਰਨਣ ਕਰਦੇ ਆਪ ਲਿਖਦੇ ਹਨ—

ਗੁਰ ਸਤਿਗੁਰ ਕਾ ਜੋ ਸਿਖ ਅਖਾਏ,
ਸੁ ਭਲਕੇ ਉਠਿ ਹਰਿਨਾਮੁ ਧਿਆਵੈ ।
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤਸਰ ਨਾਵੈ ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿਨਾਮ ਧਿਆਵੈ ।

(ਗਉੜੀ ਕੀ ਵਾਰ, ਮ: ੪, ਪੰਨਾ—੩੦੫)

ਸਿਮਰਨ ਦਾ ਸੁਆਦ ਲੈਣ ਵਾਲਿਆਂ ਦਾ ਜ਼ਿਕਰ ਕਰਦਿਆਂ, ਗੁਰੂ ਅੰਗਦ ਦੇਵ ਜੀ ਲਿਖਦੇ ਹਨ ਕਿ ਉਹ ਲੋਕ ਦਰਿਆਵਾਂ ਜਾਂ ਨਦੀਆਂ ਦੇ ਕੰਢੇ ਰਹਿੰਦੇ ਹੁੰਦੇ ਸਨ ਤਾਂ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਸੌਖਾ ਹੋਵੇ । ਚੌਥਾ ਪਹਿਰ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਦੇ ਮਨਾਂ ਵਿਚ ਚਾਉ ਚੜ੍ਹ ਜਾਂਦਾ ਸੀ ਤੇ ਉਹ ਮੂੰਹ ਤੇ ਮਨ-ਦੋਹਾਂ ਨਾਲ ਹੀ ਸਿਮਰਨ ਕਰਦੇ ਸਨ —

ਚਉਥੈ ਪਹਰਿ ਸਬਾਹ ਕੈ,
ਸੁਰਤਿਆ ਉਪਜੈ ਚਾਉ ।
ਤਿਨਾਂ ਦਰਿਆਵਾਂ ਸਿਉ ਦੋਸਤੀ,
ਮਨਿ ਮੁਖਿ ਸਚਾ ਨਾਉ । (ਵਾਰ ਮਾਝ, ਮ: ੨, ਪੰਨਾ ੧੪੬)

ਇਕ ਹੋਰ ਥਾਂ ਗੁਰੂ ਸਾਹਿਬ ਪ੍ਰਸ਼ਨ ਕਰਦੇ ਹਨ ਕਿ ਕਿ ਅੰਮ੍ਰਿਤ ਵੇਲੇ ਉਠ ਕੇ ਕਿਸ ਦਾ ਨਾਉਂ ਲੈਣਾ ਜਾਂ ਜਾਪ ਕਰਨਾ ਚਾਹੀਦਾ ਹੈ ? ਅਗੋਂ ਆਪ ਹੀ ਉੱਤਰ ਦਿੰਦੇ ਹਨ—

ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ?
ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ।

(ਸਲੋਕ ਮ: ੩, ਪੰਨਾ ੧੪੨੦)

ਅੰਮ੍ਰਿਤ ਵੇਲੇ ਸਿਮਰਨ ਕਰਨ ਵਾਲਿਆਂ ਨੂੰ ਗੁਰੂ ਸਾਹਿਬ ਨੇ ਪੂਰੇ ਧਨੀ ਕਿਹਾ ਹੈ ਕਿਉਂਜੁ ਉਹ ਵੀ ਉਸੇ ਤਰ੍ਹਾਂ ਆਪਣਾ ਭਗਤੀ – ਵੇਲਾ ਨਹੀਂ ਖੁੰਝਣ ਦਿੰਦੇ ਜਿਸ ਤਰ੍ਹਾਂ ਸੂਰਬੀਰ ਜੰਗ ਤੋਂ ਪਿਛੇ ਨਹੀਂ ਹਟਦਾ—

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ।
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ।

(ਵਾਰ ਮਾਝ ਮ: ੧, ਪੰਨਾ—੧੪੫)

ਭਾਈ ਗੁਰਦਾਸ ਜੀ ਦੀਆਂ ਜਿਨ੍ਹਾਂ ਤੁਕਾਂ ਦਾ ਹਵਾਲਾ ਪਹਿਲਾਂ ਦਿਤਾ ਜਾ ਚੁਕਾ ਹੈ ਉਨ੍ਹਾਂ ਵਿਚ ਇਸ਼ਨਾਨ ਕਰਨ ਪਿਛੋਂ ਅਗਲੇ ਕੰਮ ਦਾ ਜ਼ਿਕਰ ਉਹਨਾਂ ਵੀ ਇਸੇ ਤਰ੍ਹਾਂ ਹੀ ਕੀਤਾ ਹੈ—

ਗੁਰਬਾਣੀ ਤਿਨਾ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪ ਜਪੰਦੇ ।
ਅਤੇ ਅੰਮ੍ਰਿਤ ਵੇਲੇ ਨ੍ਹਾਵਣਾ ਗੁਰਮੁਖ ਜਪੁ ਗੁਰਮੰਤ੍ਰ ਜਪਾਯਾ ।

(ਵਾਰ ੨੬, ਮ: ੪)

ਫਰੀਦ ਨੇ ਇਕ ਥਾਂ 'ਰਾਤਿ ਕਥੂਰੀ ਵੰਡੀਐ' ਲਿਖਿਆ ਜ਼ਰੂਰ ਹੈ ਪਰ ਉਹ 'ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ' ਦੀ ਗੱਲ ਕਰਕੇ ਅੰਮ੍ਰਿਤ ਵੇਲੇ ਨਾ ਉਠਣ ਵਾਲਿਆਂ ਨੂੰ ਮੁਰਦੇ ਹੋਇਆ ਕਹਿੰਦਾ ਹੈ—

ਫਰੀਦਾ ਪਿਛਲ ਰਾਤਿ ਨ ਜਾਗਿਓਹਿ,
ਜੀਵਦੜੋ ਮੁਇਓਹਿ । (ਸਲੋਕ ਫਰੀਦ, ਪੰਨਾ ੧੩੮੩)

ਕਬੀਰ ਵੀ ਸਵੇਰ ਦੇ ਵਕਤ ਦਾ ਹੀ ਜ਼ਿਕਰ ਕਰਦਾ ਹੈ—

ਕਹਤੁ ਕਬੀਰੁ ਕੋਈ ਨਹੀਂ ਤੇਰਾ । ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ?
(ਸੋਰਠ ਕਬੀਰ ਪੰਨਾ—੬੫੬)

ਇਸ ਤੋਂ ਸਿਵਾਂ ਪ੍ਰਸ਼ਨ ਉੱਤਰ ਭਾਈ ਨੰਦ ਲਾਲ ਵਿਚ ਵੀ ਇਸੇ ਵੇਲੇ ਸਿਮਰਨ ਕਰਨ ਦੀ ਰਹਿਤ ਦਾ ਜ਼ਿਕਰ ਕੀਤਾ ਮਿਲਦਾ ਹੈ—

ਗੁਰਸਿਖ ਰਹਤ ਸੁਨਹੁ ਹੇ ਮੀਤ ।
ਪਰਭਾਤੇ ਉਠ ਕਰਿ ਹਿਤ ਚੀਤ ।
ਵਾਹਗੁਰੂ ਗੁਰ ਮੰਤ੍ਰ ਸੁ ਜਾਪ । ਕਰਿ ਇਸਨਾਨ ਪੜੈ ਜਪੁ ਜਾਪ ॥......

ਤੇ ਜਦੋਂ ਸਵੇਰ ਵੇਲੇ ਨਾਮ ਜਪਣ ਦੀ ਆਦਤ ਬਣ ਜਾਵੇ ਉਸ ਤੋਂ ਅਗਲੀ ਪਉੜੀ ਗੁਰੂ ਸਾਹਿਬ ਨੇ ਦੱਸੀ ਹੈ ਅਠੇ ਪਹਿਰ, ਚਲਦਿਆਂ ਫਿਰਦਿਆਂ, ਜਾਪ ਕਰਨ ਦੀ—

ਜਾ ਬਹਹਿ ਗੁਰਮੁਖਿ ਹਰਿਨਾਮੁ ਬੋਲਹਿ,
ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ।
(ਤੁਖਾਰੀ ਮ: ੪, ਪੰਨਾ ੧੧੧੪)

ਭਾਵੇਂ ਪਛਮ ਦੇ ਲੋਕ ਭਾਰਤ ਤੋਂ ਆਤਮਕ ਸਿਖਿਆ ਤੇ ਬਲ ਪ੍ਰਾਪਤ ਕਰਨ 'ਦੀ ਦੌੜ ਲਾ ਰਹੇ ਹਨ ਪਰ ਅਸੀਂ ਤੇ ਪੰਜਾਬੀ ਲੋਕ ਉਨ੍ਹਾਂ ਦੀ ਰੀਸੇ ਸੂਰਜ ਚੜ੍ਹਨ ਪਿਛੋਂ ਮੰਜਾ ਛਡਣ ਦੀ ਆਦਤ ਪੱਕੀ ਕਰ ਰਹੇ ਹਾਂ। ਗੁਰੂ ਸਾਹਿਬ ਨੇ ਸਾਥੋਂ ਇਹ ਆਸ ਕਦੇ ਨਹੀਂ ਸੀ ਰੱਖੀ। ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਵਲੋਂ ਦਰਸਾਏ ਗਏ ਮਾਰਗ ਤੇ ਚੱਲ ਕੇ ਨਾਮ ਸਿਮਰੀਏ ਤੇ ਜੀਵਨ ਸਫਲ ਕਰੀਏ ਕਿਉਂਕਿ —

ਇਸੁ ਹਰਿਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ।
ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੋ ਕੋ ਹਰਿ ਧਨ ਕੀ ਬਖੀਲੀ ।
ਕਰੇ ਤਿਸੁ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ।
(ਬਿਲਾਵਲ ਕੀ ਵਾਰ ਮ: ੪, ਪੰਨਾ—੮੫੩) ●

ਨਾਮਧਾਰੀ ਹੋਲਿਆਂ ਦਾ ਵੇਰਵਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਵਿਚ ਹੋਏ ਹੋਲੇ

ਹੋਲਾ ਨੰਬਰ	ਸੰਮਤ ਬਿਕ੍ਰਮੀ	ਸਥਾਨ
੧	੧੯੨੨ ਬਿਕ੍ਰਮੀ	ਕੋਟੇ ਨਗਰ ਜ਼ਿਲਾ ਫ਼ਿਰੋਜ਼ਪੁਰ
੨	੧੯੨੩ ਬਿਕ੍ਰਮੀ	ਅਨੰਦਪੁਰ ਸਾਹਿਬ=ਹੁਸ਼ਿਆਰਪੁਰ
੩	੧੯੨੪ ਬਿਕ੍ਰਮੀ	ਸ੍ਰੀ ਭੈਣੀ ਸਾਹਿਬ=ਲੁਧਿਆਣਾ
੪	੧੯੨੫ ਬਿਕ੍ਰਮੀ	ਮਾਨਾਂ ਵਾਲਾ=ਸਿਆਲਕੋਟ
੫	੧੯੨੬ ਬਿਕ੍ਰਮੀ	ਸ੍ਰੀ ਭੈਣੀ ਸਾਹਿਬ=ਲੁਧਿਆਣਾ
੬	੧੯੨੭ ਬਿਕ੍ਰਮੀ	ਅਨੰਦਪੁਰ ਸਾਹਿਬ=ਹੁਸ਼ਿਆਰਪੁਰ

ਇਸ ਤੋਂ ੧੯੨੮ ਬਿਕ੍ਰਮੀ ਦੀ ਮਾਘੀ ਨੂੰ ਮਾੜਾ ਜੱਸਾਂ ਤੇ ਰਾਇਕੋਟ ਤੇ ਅੰਮ੍ਰਿਤਸਰ ਦੇ ਸ਼ਹੀਦਾਂ ਨਮਿਤ ਮੇਲਾ ਤੇ ਪਾਠਾਂ ਦੇ ਭੋਗ ਪਾ ਕੇ ੭ ਮਾਘ ੧੯੨੮ ਬਿਕ੍ਰਮੀ ੧੮ ਜਨਵਰੀ=ਸੰਨ ੧੮੭੨ ਨੂੰ ਬਿਦੇਸ਼ ਗਮਨ ਕੀਤਾ=ਉਪਰੰਤ ਸਰਕਾਰੀ ਨਿਗਰਾਨੀਆਂ ਹੋਣ ਕਾਰਣ ੨੭ ਸਾਲ ਹੋਲੇ ਦਾ ਮੇਲਾ ਨ ਹੋ ਸਕਿਆ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਹੋਏ ਹੋਲੇ

੧	੧੯੫੫ ਬਿਕ੍ਰਮੀ	ਗੁਰੂ ਚੱਕ=ਸਿਆਲ ਕੋਟ
੨	੧੯੫੬ ਬਿਕ੍ਰਮੀ	ਭੈਣੀ ਸਾਹਿਬ=ਗੁਜਰਾਂ ਵਾਲਾ
੩	੧੯੫੭ ਬਿਕ੍ਰਮੀ	ਜਵੰਦਾਲ=ਸ਼ਾਹਿਬਪੁਰ
੪	੧੯੫੮ ਬਿਕ੍ਰਮੀ	ਮਟਵੀਂ=ਗੁਜਰਾਂ
੫	੧੯੫੯ ਬਿਕ੍ਰਮੀ	ਗੁਰੂ ਚੱਕ=ਸਿਆਲ ਕੋਟ
੬	੧੯੬੦ ਬਿਕ੍ਰਮੀ	ਗਿੱਲੀਂ=ਸੇਖੂ ਪੁਰਾ
੭	੧੯੬੧ ਬਿਕ੍ਰਮੀ	ਸ੍ਰੀ ਭੈਣੀ ਸਾਹਿਬ ਤੇ ਨੁਸ਼ਹਰੇ ਅਤੇ ਗੁਜਰਾਤ

ਸੰਮਤ ੧੯੬੨ ਬਿਕ੍ਰਮੀ ਵਿਚ ਮਾਨਾਂ ਵਾਲੇ ਹੋ—ਹੋਲੇ ਸਮੇਂ ਨੈਨ੍ਹਾਂ ਦੀ ਤਕਲੀਫ਼ ਕਰਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਆਪ ਨ ਜਾ ਸਕੇ ਤੇ ਮਾਤਾ ਜੀਵਨ ਕੌਰ ਜੀ, ਸ੍ਰੀ ਮਹਾਰਾਜ (ਸਤਿਗੁਰ) ਪ੍ਰਤਾਪ ਸਿੰਘ ਜੀ ਨੂੰ ਭੇਜਿਆ=ਉਪਰੰਤ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਜੋਤੀ ਜੋਤ ਜੇਠ ਵਦੀ ਦਸਮੀ ੧੯੬੩ ਬਿਕ੍ਰਮੀ ਨੂੰ ਸਮਾਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਂ ਹੋਏ ਹੋਲੇ

੧	੧੯੬੩ ਬਿਕ੍ਰਮੀ	ਨੁਸ਼ਹਿਰਾ ਜ਼ਿਲਾ ਗੁਜਰਾਤ
੨	੧੯੬੪ ਬਿਕ੍ਰਮੀ	ਬਿਲੰਕੇ=ਗੁਜਰਾਂਵਾਲਾ
੩	੧੯੬੫ ਬਿਕ੍ਰਮੀ	ਗਿੱਲਾਂ=ਸੇਖੂ ਪੁਰਾ
੪	੧੯੬੬ ਬਿਕ੍ਰਮੀ	ਚੱਕ ਚੱਕ=ਸਰਗੋਧਾ
੫	੧੯੬੭ ਬਿਕ੍ਰਮੀ	ਲਾਹੌਰ (ਖਾਸ)
੬	੧੯੬੮ ਬਿਕ੍ਰਮੀ	ਅਨੰਦਪੁਰ ਸਾਹਿਬ
੭	੧੯੬੯ ਬਿਕ੍ਰਮੀ	ਖੂਹ ਮਾਂਗਾ=ਲਾਹੌਰ
੮	੧੯੭੦ ਬਿਕ੍ਰਮੀ	ਕੋਟੇ=ਫ਼ਿਰੋਜ਼ਪੁਰ)
੯	੧੯੭੧ ਬਿਕ੍ਰਮੀ	ਵਲਟੋਹਾ=ਲਾਹੌਰ
੧੦	੧੯੭੨ ਬਿਕ੍ਰਮੀ	ਗਿੱਲੀਂ=ਸ਼ੇਖੂ ਪੁਰਾ
੧੧	੧੯੭੩ ਬਿਕ੍ਰਮੀ	ਰਤਾ ਚੌਆ=ਲਾਇਲਪੁਰ
੧੨	੧੯੭੪ ਬਿਕ੍ਰਮੀ	ਚੂਹੇ ਸਾਤ=ਸ਼ੇਖੂ ਪੁਰਾ
੧੩	੧੯੭੫ ਬਿਕ੍ਰਮੀ	ਅਨੰਦਪੁਰ ਸਾਹਿਬ
੧੪	੧੯੭੬ ਬਿਕ੍ਰਮੀ	ਵਹਨ=ਸੇਖੂ ਪੁਰਾ
੧੫	੧੯੭੭ ਬਿਕ੍ਰਮੀ	ਮੁਕਤਸਰ=ਫ਼ਿਰੋਜ਼ਪੁਰ
੧੬	੧੯੭੮ ਬਿਕ੍ਰਮੀ	ਰਾਵਲ ਪਿੰਡੀ (ਖਾਸ)
੧੭	੧੯੭੯ ਬਿਕ੍ਰਮੀ	ਚੱਕੀਆਂ—ਲਾਇਲਪੁਰ
੧੮	੧੯੮੦ ਬਿਕ੍ਰਮੀ	ਬਿਜਲੀ ਵਾਲ=ਗੁਰਦਾਸਪੁਰ
੧੯	੧੯੮੧ ਬਿਕ੍ਰਮੀ	ਅੰਮ੍ਰਿਤਸਰ (ਖਾਸ)
੨੦	੧੯੮੨ ਬਿਕ੍ਰਮੀ	ਗੁਜਰਾਂ ਵਾਲੇ (ਖਾਸ)
੨੧	੧੯੮੩ ਬਿਕ੍ਰਮੀ	ਨਾਰੋਵਾਲ=ਸਿਆਲਕੋਟ
੨੨	੧੯੮੪ ਬਿਕ੍ਰਮੀ	ਵਲਟੋਹਾ=ਲਾਹੌਰ
੨੩	੧੯੮੫ ਬਿਕ੍ਰਮੀ	ਸਿਆੜ=ਲੁਧਿਆਣਾ
੨੪	੧੯੮੬ ਬਿਕ੍ਰਮੀ	ਕੁੰਨੀ=ਅੰਬਾਲਾ
੨੫	੧੯੮੭ ਬਿਕ੍ਰਮੀ	ਸੰਧਵ=ਜਲੰਧਰ
੨੬	੧੯੮੮ ਬਿਕ੍ਰਮੀ	ਸ੍ਰੀ ਭੈਣੀ ਸਾਹਿਬ=ਲੁਧਿਆਣਾ
੨੭	੧੯੮੯ ਬਿਕ੍ਰਮੀ	ਸ੍ਰੀ ਭੈਣੀ ਸਾਹਿਬ=ਲੁਧਿਆਣਾ
੨੮	੧੯੯੦ ਬਿਕ੍ਰਮੀ	ਸ੍ਰੀ ਭੈਣੀ ਸਾਹਿਬ=ਲੁਧਿਆਣਾ
੨੯	੧੯੯੧ ਬਿਕ੍ਰਮੀ	ਸ੍ਰੀ ਭੈਣੀ ਸਾਹਿਬ=ਲੁਧਿਆਣਾ
੩੦	੧੯੯੨ ਬਿਕ੍ਰਮੀ	ਸ੍ਰੀ ਭੈਣੀ ਸਾਹਿਬ=ਲੁਧਿਆਣਾ
੩੧	੧੯੯੩ ਬਿਕ੍ਰਮੀ	ਸ਼ੇਖੂ ਪੁਰਾ=ਗੁਜਰਾਂਵਾਲਾ
੩੨	੧੯੯੪ ਬਿਕ੍ਰਮੀ	ਸ਼ੇਖੂ ਪੁਰਾ ਸ਼ਹਿਰ ਖਾਸ
੩੩	੧੯੯੫ ਬਿਕ੍ਰਮੀ	ਤਿਲਵਾੜਾ=ਸਿਆਲਕੋਟ
੩੪	੧੯੯੬ ਬਿਕ੍ਰਮੀ	ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਧਿਆਣਾ
੩੫	੧੯੯੭ ਬਿਕ੍ਰਮੀ	" " " " "
੩੬	੧੯੯੮ ਬਿਕ੍ਰਮੀ	" " " " "
੩੭	੧੯੯੯ ਬਿਕ੍ਰਮੀ	" " " " "
੩੮	੨੦੦੦ ਬਿਕ੍ਰਮੀ	" " " " "
੩੯	੨੦੦੧ ਬਿਕ੍ਰਮੀ	ਸ਼ੇਖੂ ਪੁਰਾ ਸ਼ਹਿਰ ਖਾਸ
੪੦	੨੦੦੨ ਬਿਕ੍ਰਮੀ	ਚੁਗਾਵਾਂ=ਅੰਮ੍ਰਿਤਸਰ
੪੧	੨੦੦੩ ਬਿਕ੍ਰਮੀ	ਸ਼ੇਖੂ ਪੁਰਾ ਐਮਨਾਬਾਦ=ਗੁਜਰਾਂਵਾਲਾ

੪੨ ੨੦੦੪ ਬਿਕ੍ਰਮੀ ਸੰਤ ਨਗਰ=ਹਿਸਾਰ
੪੩ ੨੦੦੫ ਬਿਕ੍ਰਮੀ " " "
੪੪ ੨੦੦੬ ਬਿਕ੍ਰਮੀ ਬੈਂਕਾਕ—ਥਾਈਲੈਂਡ
੪੫ ੨੦੦੭ ਬਿਕ੍ਰਮੀ ਸ੍ਰੀ ਭੈਣੀ ਸਾਹਿਬ—ਲੁਧਿਆਣਾ
੪੬ ੨੦੦੮ ਬਿਕ੍ਰਮੀ ਮੰਡੀ=ਹਿਮਾਚਲ
੪੭ ੨੦੦੯ ਬਿਕ੍ਰਮੀ ਟਾਲਾ ਸਾਹਿਬ=ਹਿਮਾਚਲ
੪੮ ੨੦੧੦ ਬਿਕ੍ਰਮੀ ਨਕੋੜਾ=ਹਿਸਾਰ
੪੯ ੨੦੧੧ ਬਿਕ੍ਰਮੀ ਸੰਤ ਨਗਰ=ਹਿਸਾਰ
੫੦ ੨੦੧੨ ਬਿਕ੍ਰਮੀ ਦਿੱਲੀ ਖਾਸ
੫੧ ੨੦੧੩ ਬਿਕ੍ਰਮੀ ਸ੍ਰੀ ਭੈਣੀ ਸਾਹਿਬ=ਲੁਧਿਆਣਾ
੫੨ ੨੦੧੪ ਬਿਕ੍ਰਮੀ ਸੰਤ ਨਗਰ=ਹਿਸਾਰ
ਅਤੇ ਕੰਪਾਲਾ (ਯੂਗੰਡਾ)
੫੩ ੨੦੧੫ ਬਿਕ੍ਰਮੀ ਸ੍ਰੀ ਜੀਵਨ=ਹਿਸਾਰ

ਨੋਟ :—ਸੰਮਤ ੨੦੧੬ ਵਿਚ ੫-੬ ਭਾਦਰੋਂ ਦੀ ਰਾਤ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾਏ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਏ ਹੋਲੇ

੧ ੨੦੧੬ ਬਿਕ੍ਰਮੀ ੫੮ ਆਰਬੀ=ਗੰਗਾ ਨਗਰ
੨ ੨੦੧੭ ਬਿਕ੍ਰਮੀ ਸ੍ਰੀ ਭੈਣੀ ਸਾਹਿਬ—ਲੁਧਿਆਣਾ
੩ ੨੦੧੮ ਬਿਕ੍ਰਮੀ ਬਾਜਾ ਖਾਨਾ—ਬਠਿੰਡਾ
੪ ੨੦੧੯ ਬਿਕ੍ਰਮੀ ਸੰਤ ਨਗਰ=ਹਿਸਾਰ
੫ ੨੦੨੦ ਬਿਕ੍ਰਮੀ ਤਰੀ ਵਾਲਾ=ਹਿਸਾਰ
੬ ੨੦੨੧ ਬਿਕ੍ਰਮੀ ਸਰਸਾ=ਹਿਸਾਰ
੭ ੨੦੨੨ ਬਿਕ੍ਰਮੀ ਦਿੱਲੀ ਖਾਸ
੮ ੨੦੨੩ ਬਿਕ੍ਰਮੀ ਦਮਦਮਾ=ਹਿਸਾਰ
੯ ੨੦੨੪ ਬਿਕ੍ਰਮੀ ਲੁਧਿਆਣਾ (ਸ਼ਹਿਰ ਖਾਸ)
੧੦ ੨੦੨੫ ਬਿਕ੍ਰਮੀ ਮੁਠੱਡਾ ਕਲਾਂ=ਜਲੰਧਰ
੧੧ ੨੦੨੬ ਬਿਕ੍ਰਮੀ ਅੰਮ੍ਰਿਤਸਰ (ਸ਼ਹਿਰ)
੧੨ ੨੦੨੭ ਬਿਕ੍ਰਮੀ ਅਨੰਦਪੁਰ ਸਾਹਿਬ
੧੩ ੨੦੨੮ ਬਿਕ੍ਰਮੀ ਸ੍ਰੀ ਜਗਜੀਤ ਨਗਰ ਅਤੇ ਬੈਂਕਾਕ (ਥਾਈਲੈਂਡ)
੧੪ ੨੦੨੯ ਬਿਕ੍ਰਮੀ ਕਰੀਵਾਲਾ (ਸਿਰਸਾ)
੧੫ ੨੦੩੦ ਬਿਕ੍ਰਮੀ ਅੰਮ੍ਰਿਤਸਰ ਕਲਾਂ (ਸਿਰਸਾ)
੧੬ ੨੦੩੧ ਬਿਕ੍ਰਮੀ " " "
੧੭ ੨੦੩੨ ਬਿਕ੍ਰਮੀ ਸ੍ਰੀ ਭੈਣੀ ਸਾਹਿਬ (ਲੁਧਿਆਣਾ)
੧੮ ੨੦੩੩ ਬਿਕ੍ਰਮੀ " " " "
੧੯ ੨੦੩੪ ਬਿਕ੍ਰਮੀ " " " "
੨੦ ੨੦੩੫ ਬਿਕ੍ਰਮੀ " " " "
੨੧ ੨੦੩੬ ਬਿਕ੍ਰਮੀ ਰਾਣੀਆ (ਸਿਰਸਾ)
੨੨ ੨੦੩੭ ਬਿਕ੍ਰਮੀ ਸ੍ਰੀ ਭੈਣੀ ਸਾਹਿਬ (ਲੁਧਿਆਣਾ)
੨੩ ੨੦੩੮ ਬਿਕ੍ਰਮੀ ਗੋਲਾ ਗੋਕਰਨ ਨਾਥ (ਯੂ. ਪੀ.)
੨੪ ੨੦੩੯ ਬਿਕ੍ਰਮੀ ਅੰਮ੍ਰਿਤਸਰ ਕਲਾਂ (ਸਿਰਸਾ)
੨੫ ੨੦੪੦ ਬਿਕ੍ਰਮੀ ਸ੍ਰੀ ਜੀਵਨ ਨਗਰ (ਸਿਰਸਾ) ਅਤੇ ਬਰਮਿੰਘਮ (ਇੰਗਲੈਂਡ)
੨੬ ੨੦੪੧ ਬਿਕ੍ਰਮੀ ਨਵੀਂ ਦਿੱਲੀ
27 2 042 ਬਿਕ੍ਰਮੀ ਦਾਰਾਸਲਾਮ (ਤਨਜ਼ਾਨੀਆ)

ਕੁਰਬਾਨੀ

ਕੌਣ ਹੈ ਉਹ ਜਗਤ ਵਿਚ, ਮੌਤਾਂ ਵਿਚ ਜੀਵਨ ਪਾਂਦੀ ਏ,
ਉਸਦਾ ਉਪਾਸ਼ਕ ਬਣੇ ਜੋ, ਆਰਾ ਸਿਰੀ ਚਲਵਾਂਦੀ ਏ
ਹੌਂਦਾ ਆਜ਼ਾਦੀ ਮੋਹ ਜੋ, ਜਿਹਲਾਂ ਵਿਚ ਉਸਨੂੰ ਪਾਂਦੀ ਏ
ਆਸ਼ਕ ਸੁਤੰਤਰ ਲਹਿਰ ਦਾ, ਫਾਂਸੀ ਉਹਨੂੰ ਲਟਕਾਂਦੀ ਏ

ਲੋਕ ਸਭ ਮਿਟ ਜਾਣਗੇ, ਦੁਨੀਆਂ ਮੁਕਾਮੇ ਫਾਨੀ ਏ।
ਨਾਮ ਚਮਕੇ ਵਾਂਗ ਸੂਰਜ, ਇਹ ਇਕੋ ਕੁਰਬਾਨੀ ਏ।

ਆਵਾਜ਼ ਇਸਦਾ ਸਖਤ ਹੈ, ਸਿਟਾ ਤਾਂ ਮਿਠਾ ਨਿਕਲਦਾ।
ਖੰਡੇ ਤੇ ਰੱਖਿਆ ਸੀਸ ਨੂੰ, ਜਦੋਂ ਹੈ ਬੇੜਾ ਚਲਕਦਾ।
ਨੀਂਹਾਂ ਦੇ ਇਟਾਂ ਕਸ ਕੇ, ਕਰ ਤਰਸ ਨਹੀਂ ਕੋਈ ਬਿਲਕਦਾ।
ਨੇਜ਼ਿਆਂ ਤੇ ਟਾਂਗੇ ਬੋਟੜੀ, ਸਿਖੀ ਤੋਂ ਨਹੀਂ ਥਿਲਕਦਾ।

ਮੁੰ. ਉਹ ਕੀ ਕਰੀ ਜਗਤ ਦੀ, ਜਿਸਦੀ ਮਿਸਾਲ ਲਾਸਾਨੀ ਏ।
ਬੇੜਾ ਜੋ ਬਖਸ਼ੇ ਹਿੰਦ ਦਾ, ਦੇਣੀ ਇਕੋ ਕੁਰਬਾਨੀ ਏ।

ਤੇਜਿਆ ਸੀ ਰਾਮ ਨੇ, ਜਦ ਰਾਮ ਕਰਕੇ ਰਾਮ ਨੂੰ।
ਆ ਗਿਆ ਸੀ ਰਾਮ ਵਿਚ, ਰਾਮ ਦਾ ਸਰੂਪ ਦੇ ਬਾਮ ਨੂੰ।
ਅੰਮ੍ਰਿਤ ਦਾ ਸੋਮਾ ਵਹਿ ਗਿਆ, ਪੀਂਦਾ ਸੀ ਭਰ ਭਰ ਜਾਮ ਨੂੰ।
ਬਰਕਤਾਂ ਦਾ ਦਾਨ ਦਿਤਾ, ਆਪਣੇ ਧਾਰੀ ਨਾਮ ਨੂੰ।

ਭੁਲ ਗਏ ਸਾਂ ਕੁਲ ਮਨਾਮੇ, ਦਸਵਾਂ ਨਾਨਕ ਦਾਨੀ ਏ।
ਰਊਆਂ ਦੀ ਬਖਸ਼ਾਂ ਕਰਨ ਨੂੰ, ਬਾਕੀ ਇਕੋ ਕੁਰਬਾਨੀ ਏ।

ਅੱਖਾਂ ਹਜ਼ਾਰਾਂ ਰੋਂਦੀਆਂ, ਜਦ ਗਇਓਂ ਪ੍ਰਦੇਸ ਨੂੰ।
ਫਰਕ ਨਹੀਂ ਸੀ ਸਮਝਦਾ, ਇਹ ਹੈ ਅਨੋਖਾ ਭੇਸ ਨੂੰ।
ਜੋਗੀਆਂ ਦੇ ਵਾਂਗ ਸੀ, ਕੀਤਾ ਬਸੀਤੀ ਭੇਸ ਨੂੰ।
ਨਾਮ ਜਪਣਾ ਵੰਡ ਛਕਣਾ, ਦੇ ਗਿਆ ਉਪਦੇਸ਼ ਨੂੰ।

ਤੜਪਦੇ ਹਾਂ ਮੁੜਕੇ ਬਿਸਮਲ ਦਿਲ ਪਤਾ ਕੀ ਫਾਨੀ ਏ।
'ਦਰਸ਼' ਜਿਸ ਲਈ ਤੂੰ ਦੇਸ਼ ਛਡਿਆ, ਇਹ ਇਕੋ ਕੁਰਬਾਨੀ ਏ।

—*—

ਦਰਸ਼ਨ ਸਿੰਘ 'ਦਰਸ਼'

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ

ਜਦੋਂ ਤੋਂ ਦੁਨੀਆਂ ਦੀ ਰਚਨਾ ਹੋਈ ਹੈ ਸਮੇਂ ਤੇ ਦੋ ਰਾਜ ਲਾਗੂ ਹੋਏ ਹਨ। ਇਕ ਧਰਮ ਦਾ ਰਾਜ ਅਤੇ ਇਕ ਦੁਨਿਆਵੀ ਰਾਜ। ਜਦੋਂ ਰਾਜਾ ਬਲ ਦੁਨਿਆਵੀ ਰਾਜ ਤੇ ਬੈਠ ਕੇ ਇੰਦਰ ਦੇਵਤੇ ਦੀ ਪਦਵੀ ਪ੍ਰਾਪਤ ਕਰਨ ਲਈ ਕਰਮ ਧਰਮ ਕਰਨ ਲਗਾ ਤਾਂ ਇੰਦਰ ਦੇਵਤੇ ਭਗਵਾਨ ਅੱਗੇ ਸਹਾਇਤਾ ਕਰਨ ਵਾਸਤੇ ਪ੍ਰਾਰਥਨਾ ਕੀਤੀ ਤਾਂ ਹਜ਼ੂਰ ਗੁਰਬਾਣੀ ਦੁਆਰਾ ਹੁਕਮ ਕਰਦੇ ਹਨ

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ

ਰਾਜੇ ਬਲ ਨੂੰ ਬਾਵਨ ਦਾ ਅਵਤਾਰ ਧਾਰ ਕੇ ਛਲਿਆ ਤਾਂ ਇੰਦਰ ਦੇਵਤੇ ਦੀ ਸਹਾਇਤਾ ਕੀਤੀ।

ਦੂਜਾ ਜੁਗ ਆਇਆ ਤਾਂ ਰਾਜਾ ਰਾਵਨ ਆਪਣੇ ਕਰਮ ਧਰਮ ਤੋਂ ਗਿਰਿਆ ਤਾਂ ਦੇਵਤਿਆਂ ਦੀ ਸਹਾਇਤਾ ਕਰਨ ਵਾਸਤੇ ਹਜ਼ੂਰ ਦੇ ਕਥਨ ਅਨੁਸਾਰ:-

ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ

ਆਪ ਅਕਾਲ ਪੁਰਖ ਭਗਵਾਨ ਰਾਮ ਚੰਦਰ ਦਾ ਸਰੂਪ ਧਾਰ ਕੇ ਰਚ ਲੀਲਾ ਕੀਤੀ ਤੇ ਰਾਵਨ ਦਾ ਉਧਾਰ ਕੀਤਾ।

ਇਸ ਤੋਂ ਬਾਦ ਦੁਆਪਰ ਜੁਗ ਆਇਆ। ਦੁਨਿਆਵੀ ਰਾਜ ਤੇ ਰਾਜਾ ਕੰਸ ਆਪਣੇ ਆਪ ਨੂੰ ਸਦਾ ਅਮਰ ਰਖਣ ਵਾਸਤੇ ਘੋਰ ਪਾਪ ਕਰਨ ਲਗਾ। ਜਿਸ ਦੀ ਮਸਾਲ ਮਿਲਣੀ ਹੀ ਔਖੀ ਹੈ ਤਾਂ ਦੁਖੀ ਆਤਮਾ ਦੀ ਪੁਕਾਰ ਸੁਣਕੇ ਗੁਰਬਾਣੀ ਦੇ ਕਥਨ ਅਨੁਸਾਰ:-

ਦੁਆਪੁਰਿ ਕ੍ਰਿਸ੍ਨ ਮੁਰਾਰਿ ਕੰਸੁ ਕਿਰਤਾਰਥੁ ਕੀਓ

ਭਗਵਾਨ ਆਪਣਾ ਨਾਮ ਕ੍ਰਿਸ਼ਨ ਮੁਰਾਰ ਰਖਵਾ ਕੇ ਕੰਸ ਦਾ ਸੰਘਾਰ ਕੀਤਾ ਤੇ ਦੇਵਤਿਆਂ ਦੀ ਰਖਿਆ ਕੀਤੀ।

ਜਦੋਂ ਚੌਥਾ ਜੁਗ 'ਕਲਿਜੁਗ' ਦਾ ਆਇਆ ਤਾਂ ਗੁਰੂ ਘਰ ਦੇ ਸਤਿਕਾਰੇ ਹੋਏ ਮਹਾਨ ਕਵੀ ਭਾਈ ਗੁਰਦਾਸ ਦੇ ਕਥਨ ਅਨੁਸਾਰ-

ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਅਲਾਈ।
ਚੇਲੇ ਸਾਜ ਵਜਾਇੰਦੇ ਨਚਣ ਗੁਰੂ ਬਹੁਤ ਬਿਧ ਭਾਈ।
ਸੇਵਕ ਬੈਠਨ ਘਰਾਂ ਵਿਚ ਗੁਰ ਉਠ ਘਰੀ ਤਿਨਾੜੇ ਜਾਈ।
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।
ਇਸਤਰੀ ਪੁਰਖਾ ਦਾਮ ਹਿਤ ਭਾਵੈ ਆਇ ਕਿਥਾਊਂ ਜਾਈ।
ਵਰਤਿਆ ਪਾਪ ਸਭਸ ਜਗ ਮਾਹੀਂ।

ਜਦੋਂ ਇਸ ਧਰਤੀ ਦੇ ਲੋਕਾਂ ਦੀ ਮਨ ਦੀ ਦਸ਼ਾ ਇਸ ਤਰਾਂ ਦੀ ਹੋ ਗਈ ਤਾਂ ਜਉ ਕਲੀਖ ਤੋਂ ਧਰਤੀ ਦੀ ਪੁਕਾਰ ਸੁਣ ਕੇ ਜਿਵੇਂ ਕਿ ਹਜ਼ੂਰ ਨੇ ਫੁਰਮਾਇਆ ਹੈ ਰਾਮਕਲੀ ਰਾਗ 966 ਪੰਨੇ ਤੇ

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ

ਤਾਂ ਓਹੀ ਭਗਵਾਨ ਰਾਮ ਚੰਦਰ, ਕ੍ਰਿਸ਼ਨ ਚੰਦਰ ਮੁਕੰਦ ਆਪ ਭਗਵਾਨ ਜਿਵੇਂ ਕੇ [illegible] ਪੰਨਾ 395 ਤੇ ਆਇਆ ਹੈ

'ਆਪਿ ਨਾਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ

ਨਾਨਕ ਨਾਮ ਧਰਾ ਕੇ ਅਵਤਾਰ ਧਾਰਿਆ। ਪਾਪਾਂ ਵਿਚ ਸੜ ਰਹੀ ਪ੍ਰਿਥਵੀ ਨੂੰ ਸ਼ਾਂਤੀ ਰੂਪੀ ਜਲ ਦੇ ਕੇ ਠਾਰਿਆ। ਪਾਪੀਆਂ ਪਖੰਡੀਆਂ, ਦੁਸ਼ਟਾਂ ਨੂੰ ਗੁਰਬਾਣੀ ਦੁਆਰਾ ਜੀਵਨ ਜਾਚ ਦਸੀ। ਧਰਮ ਦੇ ਰਾਜ ਤੇ ਲਾਗੂ ਹੋ ਕੇ ਸੰਤਾਂ, ਸਾਧੂਆਂ ਨੂੰ ਉਧਾਰਿਆ। ਚੌਥੇ ਜੁਗ ਫਿਰ ਦੋਵੇਂ ਕਿਸਮ ਦੇ ਰਾਜ ਲਾਗੂ ਹੋ ਗਏ। ਰਾਜੇ ਬਾਬਰ ਨੂੰ ਵਰ ਦੇ ਕੇ ਮੁਗ਼ਲ ਰਾਜ ਕਾਇਮ ਕੀਤਾ। ਧਰਮ ਦੇ ਰਾਜ ਨੂੰ ਲਾਗੂ ਰਖਣ ਵਾਸਤੇ ਪਹਿਲੇ

ਜੁਗਾਂ ਦੀ ਮਰਯਾਦਾ ਨੂੰ ਬਦਲ ਕੇ ਸੰਸਾਰ ਨੂੰ ਇਕ ਵੱਡੀ ਦੇਣ ਦਿਤੀ। ਆਪਣੀ ਜਗਾ ਤੇ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਪੰਜ ਪੈਸੇ ਨਾਰੀਅਲ ਸਨਮੁਖ ਰਖ ਕੇ ਸਭ ਤੋਂ ਪਹਿਲਾਂ ਆਪ ਮੱਥਾ ਟੇਕਿਆ ਫੇਰ ਸਭ ਸਿੱਖਾਂ ਨੂੰ ਹੁਕਮ ਹੋਇਆ ਜਿਵੇਂ ਕਿ ਗ੍ਰੰਥ ਸਾਹਿਬ:-

ਰਾਜਜੋਗ ਪ੍ਰਮਾਣ ਨਾਨਕ ਗੁਰ ਅੰਗਦ ਅਮਰ ਕਹਾਇਓ

ਦੇਹਧਾਰੀ ਗੁਰੂ ਦੀ ਪਰੰਪਰਾ ਨਿਸ਼ਚਤ ਕੀਤੀ ਤੇ ਨਾਲ ਹੀ ਹੁਕਮ ਕੀਤਾ:-

ਸ੍ਰੀ ਗੁਰੂ ਅਬਿਚਲ ਅਡੋਲ ਆਦਿ ਪੁਰਖ ਫੁਰਮਾਇਓ।

ਇਹ ਜੋ ਧਰਮ ਦਾ ਰਾਜ ਦੇਹਧਾਰੀ ਗੁਰੂ ਜੀ ਦੀ ਪੰਪਰਾ ਹੈ ਇਹ ਚਲਾਏ ਮਾਨ ਤਥਾ ਖਤਮ ਨਹੀ ਹੋਵੇਗੀ ਸਦੇ:-

ਅਬਿਚਲ ਨੀਵ ਧਰੀ ਗੁਰੂ ਨਾਨਕ ਨਿਤ ਨਿਤ ਚੜੀ ਸਵਾਈ।

ਗੁਰੂ ਨਾਨਕ ਦੇਵ ਜੀ ਤੋਂ ਚਲਦੀ ਪ੍ਰਥਾ ਜਦੋਂ ਅਠਵੇਂ ਪਾਤਸ਼ਾਹ ਗੁਰੂ ਹਰਿ ਕ੍ਰਿਸ਼ਨ ਜੀ ਤਕ ਆਈ ਤਾਂ ਫੇਰ ਗੁਰ ਗੱਦੀ ਦਾ ਝੇੜਾ ਪੈਣ ਲਗਾ। ਕਈ ਤਰ੍ਹਾਂ ਦੇ ਵੀਚਾਰ ਸਿਖ ਸੰਗਤਾਂ ਵਿਚ ਚਲੇ। ਸਾਧ ਸੰਗਤ ਨੇ ਬੇਨਤੀ ਕੀਤੀ ਨਵੇਂ ਪਾਤਸ਼ਾਹ ਜਦੋਂ ਪਹਿਲੇ ਗੁਰੂ ਸਰੀਰ ਦਾ ਤਿਆਗ ਕਰਨ ਲਗੇ ਤਾਂ ਸਾਧ ਸੰਗਤ ਨੂੰ ਕਿਸੇ ਦੇ ਲੜ ਲਾਇਆ ਅਤੇ ਆਪ ਕਿਸਦੇ ਲੜ ਲਾਉਣ ਲਗੇ ਹੋ। ਗੁਰੂ ਹਰਿ ਕ੍ਰਿਸ਼ਨ ਜੀ ਸਿਖ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ "ਬਾਬਾ ਬਸੇ ਗ੍ਰਾਮ ਬਕਾਲੇ" ਕਹਿ ਕੇ ਸੰਬੋਧਨ ਕੀਤਾ ਤੇ ਦੇਹਧਾਰੀ ਦੀ ਪਰੰਪਰਾ ਨੂੰ ਜਾਰੀ ਰਖਿਆ। ਬਾਦ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਦਿਦਾਰਾ ਕਰਕੇ ਨਾਗਰਾਚ ਕੀਤੀ। ਨੌਵੇਂ ਗੁਰੂ ਤੋਂ ਬਾਦ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਆਇਆ। 700 ਸਾਲ ਤੋਂ ਚਲ ਰਹੇ ਦੁਨਿਆਵੀ ਰਾਜ ਦਾ ਮੁਕਾਬਲਾ ਕਰਨ ਵਾਸਤੇ ਤੇ ਅੰਧ ਘੋਰ ਪਾਪਾਂ ਨੂੰ ਨਾਸ ਕਰਨ ਵਾਸਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਤੇ ਸ੍ਰੀ ਅੰਮ੍ਰਿਤ ਦੀ ਬਖਸ਼ਸ਼ ਕੀਤੀ। ਦੁਨਿਆਵੀ ਰਾਜੇ ਔਰੰਗਜ਼ੇਬ ਦਾ ਮੁਕਾਬਲਾ ਕਰਦੇ ਹੋਏ ਕਈ ਜੰਗ ਜੁੱਧ ਤੇ ਸਫਲਤਾ ਪ੍ਰਾਪਤ ਕਰਦੇ ਰਹੇ। ਜਿਵੇਂ ਕਿ ਉਚ ਦੇ ਪੀਰ ਬਣ ਕੇ ਖਿਲਰੇ ਇਲਾਕਿਆਂ ਨੂੰ ਇਕੱਠਾ ਕਰਨਾ ਤੇ ਸਿਖੀ ਦਾ ਪ੍ਰਚਾਰ ਕਰਦੇ ਰਹੇ। ਦਸ ਲੱਖ ਮੁਗਲੀ ਫੌਜ ਦੀਆਂ ਅੱਖਾਂ ਵਿਚ ਘਟਾ ਪਾ ਕੇ ਨਿਕਲ ਜਾਣਾ ਆਦਿ ਚਾਲਾਂ ਸਨ। ਅਖੀਰ ਆਪ ਪੰਜਾਬ ਦੀ ਧਰਤੀ ਤੋਂ ਹਜ਼ੂਰ ਸਾਹਿਬ ਅਬਿਚਲ ਨਗਰ ਆਏ। ਉਸ ਸਮੇ ਔਰੰਗਜ਼ੇਬ ਮਰ ਚੁਕਾ ਸੀ। ਦਿੱਲੀ ਦੇ ਤਖਤ ਤੇ ਉਸ ਦਾ ਪੁਤਰ ਬਹਾਦਰ ਸ਼ਾਹ ਬੈਠਾ ਸੀ। ਉਸ ਸਮੇਂ ਹਕੂਮਤ ਦਾ ਪੂਰਾ ਜ਼ੋਰ ਸੀ ਜਦੋਂ ਕਿ ਪੰਜਾਬ ਦੇ ਸੂਬੇ ਨਵਾਬ ਸਭ ਗੁਰੂ ਜੀ ਦੇ ਜਾਨ ਦੇ ਵੈਰੀ ਸਨ ਜਿਵੇਂ ਕਿਵੇਂ ਸਕੇ ਗੁਰੂ ਜੀ ਨੂੰ ਖਤਮ ਕੀਤਾ ਜਾਵੇ। ਇਸ ਮਕਸਦ ਨੂੰ ਲੈ ਕੇ ਦੋ ਪਠਾਣ ਗੁਲ ਖਾਂ ਅਤੇ ਅਤਾਉਲਾ ਖਾਂ ਨੂੰ ਨੰਦੇੜ ਭੇਜਿਆ। ਇਹਨਾ ਨੇ ਇਕ ਦਿਨ ਗੁਰੂ ਜੀ ਤੇ ਹਮਲਾ ਕੀਤਾ ਪਰ ਸਫਲਤਾ ਨਾ ਪ੍ਰਾਪਤ ਹੋਈ। ਹਕੂਮਤ ਦਾ ਜ਼ੋਰ ਪੂਰਾ ਵੇਖ ਗੁਰੂ ਜੀ ਨੇ ਇਕ ਵਿਚਾਰ ਕੀਤੀ ਜਿਸਦੀ ਸਲਾਹ ਲੈਣ ਵਾਸਤੇ ਭਾਈ ਦਯਾ ਸਿੰਘ, ਧਰਮ ਸਿੰਘ ਬਾਜ ਸਿੰਘ ਜੀ ਨੂੰ ਬੁਲਾਕੇ ਆਪਣੀ ਵਿਚਾਰ ਦੱਸੀ। ਇਹਨਾਂ ਸੁਣ ਕੇ ਫਨ ਚੜਾਏ।

ਗੁਰੂ ਜੀ ਨੇ ਇਸ ਵਿਚਾਰ ਨੂੰ ਸਹਨ ਤੇ ਹਕੂਮਤ ਦੀਆਂ ਅੱਖਾਂ ਵਿਚ ਘਟਾ ਪਾਉਣ ਵਾਸਤੇ ਅਕਾਲ ਚਲਾਣਾ ਕਰਨ ਲਗੇ। ਸਭ ਸਿਖ ਸੰਗਤਾਂ ਨੂੰ ਦੂਰ ਨੇੜੇ ਹੁਕਮ ਨਾਮੇ ਭੇਜ ਦਿਤੇ ਤੇ ਲਿਖਿਆ ਅਸੀ ਸਰੀਰ ਛਡ ਰਹੇ ਤਥਾ ਦੇਹ ਦਾ ਤਿਆਗ ਕਰਨਾ ਹੈ। ਸਭ ਸੰਗਤਾਂ ਦਰਸ਼ਨ ਦੇਣ ਦੀ ਕ੍ਰਿਪਾ ਕਰਨ। ਹੁਕਮਨਾਮਾ ਮਿਲਣ ਦੀ ਦੇਰ ਸੀ ਸਭ ਸੰਗਤਾਂ ਹਜਾਰਾਂ ਤੋਂ ਲਖਾਂ ਦੀ ਗਿਣਤੀ ਵਿਚ ਇਕਠੀਆਂ ਹੋਣ ਲਗੀਆਂ। ਸੰਗਤਾਂ ਦੇ ਇਕੱਠ ਨੂੰ ਮੁਖ ਰਖਦੇ ਹੋਏ ਕਿਹਾ ਸਾਰੀ ਚਿਖਾ ਤਿਆਰ ਕੀਤੀ ਜਾਵੇ।

(2) ਚਿਖਾ ਦੇ ਦੁਆਲੇ ਕਨਾਤ ਲਾਈ ਜਾਵੇ।

(3) ਚਿਖਾ ਤੋਂ ਦੂਰ ਸਭ ਚਿਖਾ ਵਲ ਪਿਠ ਕਰਕੇ ਬੈਠਣ।

(4) ਸਾਡੇ ਕਮੰਦ ਘੋੜੇ ਤੇ ਕਾਠੀ ਪਾਕੇ ਤਿਆਰ ਕੀਤਾ ਜਾਵੇ।

(5) ਸਾਡੀ ਚਿਖਾ ਨੂੰ ਕੋਈ ਵੇਖੇ ਨਾ।

ਜੋ ਹੁਕਮ ਦੀ ਉਲੰਘਣਾ ਕਰੇਗਾ ਉਸਦੀ ਕੁਲ ਨਾਸ ਹੋ ਜਾਵੇਗੀ, ਅਜਿਹਾ ਸਤਿਗੁਰੂ ਜੀ ਨੇ ਹੁਕਮ ਕੀਤਾ।

ਇਹ ਲੀਲ੍ਹਾ 5 ਨੌਂਵਬਰ 1765 ਈਸਵੀ ਦਿਨ ਬੁੱਧਵਾਰ ਤੇ ਵੀਰਵਾਰ ਦੀ ਵਿਚਕਾਰਲੀ ਰਾਤ ਨੂੰ ਹੋਈ। ਗੁਰੂ ਜੀ ਨਗਾਰਾ ਵਜਵਾ ਕੇ ਸਿੱਖਾਂ ਨੂੰ ਫਤਹਿ ਬੁਲਾਈ, ਜਿਵੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੀ ਆਵਾਜ਼ ਆਈ। ਆਵਾਜ਼ ਨਿਕਲਦੇ ਸਾਰ ਭਗਦੜ ਮਚ ਗਿਆ। ਵਿਛੋੜੇ ਵਿਚ ਸਿੱਖ ਵਿਰਲਾਪ ਕਰਨ ਲੱਗੇ। ਗੁਰੂ ਜੀ ਸਾਨੂੰ ਕਿਸਦੇ ਆਸਰੇ ਛੱਡ ਚਲੇ ਹੋ। ਅਸੀਂ ਜੀਵਨ ਗੁਜ਼ਾਰਨ ਕਰਨ ਵਾਸਤੇ ਕਿਸਦੇ ਕੋਲੋਂ ਉਪਦੇਸ਼ ਪੁੱਛਿਆ ਕਰਾਂਗੇ। ਪਹਿਲੇ ਗੁਰੂ ਦੇਹ ਤਿਆਗਣ ਲਗੇ ਸਿੱਖ ਸੰਗਤਾਂ ਨੂੰ ਕਿਸੇ ਦੇ ਲੜ ਲਾ ਕੇ ਗਏ, ਸਾਨੂੰ ਕਿਸਦੀ ਬਾਂਹ (ਫੜਾਈਏ) ਫੜਾ ਕੇ ਚਲੇ ਹੋ। ਇਸ ਤਰ੍ਹਾਂ ਜ਼ੋਰ 2 ਪ੍ਰੇਮ ਭਰੀ ਵਿਛੋੜੇ ਵਿਚ ਰੋਂਦੇ ਤੇ ਵਿਰਲਾਪ ਕਰਨ ਲੱਗੇ। ਅੰਮ੍ਰਿਤ ਵੇਲਾ ਹੋਇਆ, ਦਿਨ ਚੜ੍ਹਿਆ ਸਭ ਸੰਗਤਾਂ ਸੋਗ ਵਿਚ ਬੈਠੀਆਂ ਹਨ। ਘੋੜਿਆਂ ਦੇ ਸੇਵਾਦਾਰ ਤਬੇਲੇ ਵਿਚ ਗਿਆ ਘੋੜਾ ਨਹੀਂ ਮਿਲੇ ਪਰ। ਬੜਾ ਹੈਰਾਨ ਹੁੰਦਾ ਸਿੱਖ ਸੰਗਤਾਂ ਨੂੰ ਆ ਕੇ ਦੱਸਿਆ ਗੁਰੂ ਜੀ ਕਮੈਤ ਘੋੜੇ ਤੇ ਕਾਠੀ ਪਵਾਈ ਸੀ ਸਣੇ ਘੋੜੇ ਬੈਕੁੰਠ ਨੂੰ ਚਲੇ ਗਏ ਹਨ। ਕੁਝ ਵਿਚਾਰ ਕਰ ਹੀ ਰਹੇ ਸੀ ਕਿ ਇਕ ਸੇਵਾਦਾਰ ਜੋ ਲੰਗਰ ਵਾਸਤੇ ਲੱਕੜਾਂ ਦੀ ਸੇਵਾ ਕਰਿਆ ਕਰਦਾ ਸੀ, ਲੱਕੜਾਂ ਲੈ ਕੇ ਜੰਗਲ ਵਿਚੋਂ ਆਇਆ। ਸਿੱਖਾਂ ਦੀ ਹਾਲਤ ਵੇਖ ਕੇ ਕਹਿੰਦਾ ਗੁਰੂ ਜੀ ਮੈਨੂੰ ਕਮੈਤ ਘੋੜੇ ਤੇ ਮਿਲੇ ਤੇ ਸੁਨੇਹਾ ਦਿੱਤਾ ਹੈ। ਅਸੀਂ ਆਪਣਾ ਘੋੜਾ ਆਪ ਲੈ ਚਲੇ ਹਾਂ। ਕਿਸੇ ਗਲ ਦਾ ਫਿਕਰ ਨਹੀਂ ਕਰਨਾ ਅਸੀਂ ਜਿਸ ਵੇਲੇ ਆਏ ਸੀ ਉਸ ਵੇਲੇ ਹੀ ਚਲੇ ਹਾਂ। ਗੁਰੂ ਕਦੇ ਮਰਦਾ ਨਹੀਂ ਜੋ ਜਿਉਂਦੇ ਵੀ ਯਾਦ ਕਰਦਾ ਹੈ ਗੁਰੂ ਅੰਗ ਸੰਗ ਹੈ। ਸੁਣ ਕੇ ਸਾਰੀ ਹੀ ਸੰਗਤ ਹੈਰਾਨ ਹੋ ਗਈ। ਇਸ ਸ਼ੰਕੇ ਨੂੰ ਦੂਰ ਕਰਨ ਵਾਸਤੇ ਅੰਗੀਠਾ ਫੋਲਿਆ ਗਿਆ, ਜਿਵੇਂ ਕੋਈ ਆਖੇ ਨਾ ਕਿ ਕੇਵਲ ਇਤਿਹਾਸ ਅਨੁਸਾਰ ਕੋਈ ਜਿਹੀ ਕਿਰਪਾਨ ਮਿਲੀ। ਇਸ ਗਲ ਦਾ ਪਤਾ ਲੱਗ ਗਿਆ ਗੁਰੂ ਜੀ ਸਣੇ ਦੇਹ ਬੈਕੁੰਠ ਨੂੰ ਚਲੇ ਗਏ ਹਨ।

ਇਸ ਘਟਨਾ ਨੂੰ ਅਜੇ ਥੋੜ੍ਹੇ ਹੀ ਦਿਨ ਹੋਏ ਸਨ, ਹਜ਼ੂਰਮਲ ਦੇ ਬਾਗੀ ਵਾਲੇ ਭਾਈ ਕੇ ਕੁਸਤ ਮਲ ਵਾਲੇ ਬਹੁਤ ਸਾਰੀ ਭੇਟਾ ਲੈ ਕੇ ਨੰਦੇੜ ਪਹੁੰਚੇ। ਜਿਨ੍ਹਾਂ ਨੂੰ ਗੁਰੂ ਜੀ ਨੇ ਪੂਨੇ ਸਿਤਾਰੇ ਦੇ ਜਿਲ੍ਹੇ ਵਿਚ ਘੋੜੀ ਦੀ ਸੰਜੀ ਤੇ ਸੱਚੀ ਜਵਾਬ ਦਰਸ਼ਨ ਦਿੱਤਾ ਸੀ ਜੋ ਕਿ ਸਾਹਿਬ ਵਿਚ ਮਹਾਨ ਆਨੰਦ ਪ੍ਰਾਪਤ ਹੋਇਆ ਹੈ। ਏਥੇ ਉਤਾਰ ਕੇ ਕਿਹਾ ਜੇ ਸਾਨੂੰ ਮਿਲਣਾ ਹੈ ਤਾਂ ਨੰਦੇੜ ਆ ਜਾਣਾ, ਇਹਨਾਂ ਨਾਂ ਕਹਿ ਅਲੋਪ ਹੋ ਗਏ। ਇਸ ਖੁਸ਼ੀ ਵਿਚ ਬਹੁਤ ਸਾਰੀ ਭੇਟਾ ਲੈ ਕੇ ਆਏ ਤਾਂ ਸਿੱਖ ਸੰਗਤਾਂ ਨੇ ਪੁੱਛਿਆ ਗੁਰੂ ਜੀ ਕਿਥੇ ਹਨ ਤਾਂ ਸਿੱਖਾਂ ਨੇ ਕਿਹਾ ਗੁਰੂ ਜੀ ਪ੍ਰਲੋਕ ਸਿਧਾਰ ਗਏ ਹਨ। ਇਹ ਸੁਣ ਕੇ ਇਹਨਾਂ ਕਿਹਾ ਕਿ ਕੁਝ ਦਿਨ ਹੀ ਹੋਏ ਕਿ ਸਾਡੀ ਅੰਦਰ ਦੀ ਅਰਦਾਸ ਸੁਣ ਕੇ ਸੁਣਦੇ ਹੋਏ ਗੁਰੂ ਜੀ ਨੇ ਸਾਨੂੰ ਦੋਹਾਂ ਭਰਾਵਾਂ ਨੂੰ ਪੂਨੇ ਸਿਤਾਰੇ ਦੇ ਜਿਲ੍ਹੇ ਵਿਚ ਘੋੜੇ ਦੀਆਂ ਰਕਾਬਾਂ ਫੜਾ ਕੇ ਦਰਸ਼ਨ ਦਿੱਤਾ ਹੈ। ਇਹ ਸੁਣ ਕੇ ਸਿੱਖ ਸੰਗਤਾਂ ਨੂੰ ਪੂਰਾ ਵਿਸ਼ਵਾਸ ਹੋ ਗਿਆ ਕਿ ਗੁਰੂ ਜੀ ਸਮਾਏ ਨਹੀਂ ਸਗੋਂ ਅਲੋਪ ਹੋ ਗਏ ਹਨ।

ਸਿੱਖਾਂ ਨੇ ਇਸ ਗਲ ਦਾ ਨਿਰਣਾ ਕਰਨ ਵਾਸਤੇ ਕੋਸ਼ਿਸ਼ ਕੀਤੀ ਪਰ ਭਾਈ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ ਜੀ ਨੇ ਕੋਈ ਪੇਸ਼ ਨਾ ਜਾਣ ਦਿੱਤੀ। ਸਿੱਖਾਂ ਨੂੰ ਭੁਲੇਖਾ ਹੀ ਪਾਈ ਰੱਖਿਆ। ਨਹੀਂ ਤਾਂ ਪ੍ਰਸਿੱਧ ਸਿੱਖ ਗੁਰੂ ਜੀ ਦੀ ਭਾਲ ਕਰਦੇ। ਹੁਣ ਸਵਾਲ ਪੈਦਾ ਹੁੰਦਾ ਹੈ ਗੁਰੂ ਜੀ ਕਿਥੇ ਤੇ ਕਿਧਰ ਗਏ ਤੇ ਕਦੋਂ ਗਏ। ਗੁਰੂ ਜੀ ਜਿਸ ਰਿਆਸਤ ਨੂੰ ਲੰਘ ਕੇ ਅਲੋਪ ਹੋਏ ਸਨ ਕਿਸੇ ਦੀ ਹੀ ਤਾਕਤ ਹੈ ਗੁਰੂ ਜੀ ਦਾ ਅੰਤ ਲੈ ਸਕੇ। ਜਿਵੇਂ ਆਪ ਦਾ ਵਾਕ ਹੈ

'ਮੈ ਹੂੰ ਪਰਮ ਪੁਰਖ ਕਾ ਦਾਸਾ, ਦੇਖਨ ਆਇਓ ਜਗਤ ਤਮਾਸਾ'
ਕੋਈ ਕੋਈ ਭਾਲ ਕਰ ਸਕਦਾ ਹੈ।

ਜਿਸ ਤਰ੍ਹਾਂ ਆਪ ਪਿਛੇ ਪੜ੍ਹ ਆਏ ਹੋ ਜੁਗਾਂ ਜੁਗਾਂ ਤੇ ਜਦੋਂ ਧਰਤੀ ਤੇ ਪਾਪ ਵਧਿਆ ਜਿਵੇਂ ਕਿ

ਜਬ ਜਬ ਹੋਤ ਅਰਿਸਟ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ।

ਦੇ ਵਾਕ ਨਾਲ ਹੀ ਹਰ ਮਹਾਨ ਪੁਰਖ ਦਾ ਰੂਪ ਧਾਰ ਕੇ ਧਰਤੀ ਤੇ ਆ ਕੇ ਦੁਖ ਭਰੇ ਪਾਪਾਂ ਨੂੰ ਰੋਕਿਆ। ਜਿਵੇਂ ਕਿ ਰਾਮ ਨੇ ਰਾਵਣ ਨੂੰ, ਕ੍ਰਿਸ਼ਨ ਭਗਵਾਨ ਨੇ ਕੰਸ ਨੂੰ ਮਾਰਿਆ। ਪਾਪੀਆਂ ਨੂੰ ਜਿਥੇ ਕਾਠੇ ਪਾਉਣਾ, ਭਗਤਾਂ ਨੂੰ ਜਿਨਾ ਦਰਸ਼ਨਾ ਲੋੜ ਪੈਣ ਤੇ ਨਿਰੰਕਾਰ ਦਾ ਤੇ ਸੰਸਾਰ ਨੇ ਜੀਵ ਵਿਚ ਰੂਪ ਦੇਣਾ, ਇਹ ਦੇਹਧਾਰੀ ਗੁਰੂ ਹੀ ਕਰ ਸਕਦਾ ਹੈ, ਜੜ੍ਹ ਵਸਤੂ ਨਹੀਂ। ਇਸੇ ਤਰ੍ਹਾਂ ਕਦੂਕ ਜਾਣਦੇ ਸਨ ਸੰਸਾਰ ਦੀ ਦੇਹਧਾਰੀ ਗੁਰੂ ਬਿਨਾ ਕਲਿਆਣ ਨਹੀਂ ਹੋ ਸਕਦੀ। ਜੋ ਬਹੁਤੇ ਵੇਰਵੇ ਵਿਚ ਨਾ ਜਾਂਦਾ ਹੋਇਆ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਾਲੀ ਭਾਲੇ ਵਾਲੀ ਅਜਿਹੇ ਵਿਚਾਰੇ ਦੀ ਨੋਸਟ ਵਿਚ ਲਿਖਦੇ ਹਨ:-

ਜਦੋਂ ਜਦੋਂ ਤਕ ਸਤਿਗੁਰੂ ਪ੍ਰਗਟ ਹੋਆ ਨਾ ਹੋਰ।
ਚੌਥਾ ਸੀ ਜਾਮੇ ਧਾਰ ਕੇ ਪਾਛੇ ਭਾਇਆ ਅੰਧ।
ਸਤਵ ਜਾਮੇ ਭਗਤ ਜਨ ਹੋਏ, ਸਤਿਗੁਰ ਆਏ।
ਗੁਰਮੁਖ ਹੋਏ ਜੋ ਮਿਲੇ ਮਨਮੁਖ ਮਿਲੇ ਜਜਾਏ।

ਪ੍ਰਚਾਰਕ ਹੀ ਹੁੰਦਾ। ਇਸੇ ਤਰ੍ਹਾਂ ਮਹਾਨ ਨਵੀਂ ਸੂਰਜ ਪ੍ਰਕਾਸ਼ ਦੇ ਲਕਬਾ ਭਾਈ ਸੰਤੋਖ ਸਿੰਘ, ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ, ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਦੇ ਵਿਚਾਰ ਜਿਸੇ ਸੰਪ੍ਰਦਾ ਨੂੰ ਇਸੇ ਵਿਚ ਵੇਦ ਨਕਲ ਵਾਲੀ ਗਲ ਹੈ ਲਿਖਦਾ ਹਾਂ:-

ਇਸ ਆਸ਼ਰਮ ਲੀਲਾ ਤੋਂ ਬਾਦ ਗੁਰੂ ਜੀ ਜਾਣੀ ਸਧਾ ਭਾਣਕੇ ਦੀ ਵਿਆਹੁਤਾ ਵਿਚ ਆ ਗਏ ਹਨ। ਸੋਢ ਕੋਠੇ ਜੀਵ ਵਿਚ ਆਏ ਰਾਜਪੂਤ ਘਟੀ ਸ ਦੀ ਸਹਾਇਤਾ ਕੀਤੀ। ਇਥੇ 1812 ਵਿ: ਤਕ ਰਹਿ ਕੇ ਜੀਵ ਆ ਗਏ। ਏਥੇ ਛੇ (6) ਸਾਲ ਰਹਿ ਕੇ 1818 ਵਿ: ਨੂੰ ਪਰਿਵਾਰ ਆ ਗਏ ਹਨ। ਇਥੇ ਬਾਰਾਂ (12) ਸਾਲ ਰਹੇ ਤੇ 1830 ਵਿ: ਨੂੰ ਨਾਭੇ ਦੀ ਰਿਆਸਤ ਵਿਚ ਆ ਕੇ ਆਪਣਾ ਨਾਮ ਬਾਬਾ ਅਜਾਪਾਲ ਸਿੰਘ ਰਖਣਾ ਕੇ ਰਹੇ। ਭਾਈ ਜੱਸਾ ਸਿੰਘ ਦੇ ਦਾਦਾ ਜੀ ਸੇਵਾ ਕਰਦੇ ਰਹੇ ਤੇ ਜਿਨ੍ਹਾਂ ਦੀਆਂ ਕਿ ਆਪ ਸਮਾਧੀ ਗੁਰੂ ਗੋਬਿੰਦ ਸਿੰਘ ਜੀ ਸਨ। ਇਥੇ ਆਪ ਪਿਸ਼ੌਰ ਨੂੰ ਜਾਂਦੇ ਹੋਏ ਦਸ (10) ਵਿਸਾਖ 1869 ਨੂੰ ਹਵੇ ਨਵੀਂ ਦੇ ਕੰਢੇ ਪੰਜ ਪਿਆਰੇ ਨਾਲ ਆ ਗੁਰੂ ਬਾਲਕ ਸਿੰਘ ਜੀ ਅਤੇ ਵਖ ਕੇ ਮਥਾ ਟੇਕਿਆ ਤੇ ਧਾਰਕੇ ਗੁਰੂ ਨਾਨਕ ਜਨਮ ਦਾ ਪੇਸ਼ੀਨਾ ਗਿਆਨ ਸ਼ੀਲ ਬਣਾ ਕੇ ਦੇਹਧਾਰੀ ਗੁਰੂ ਦੀ ਪਰੰਪਰਾ ਜਾਰੀ ਰਖੀ ਜਿਵੇਂ ਕਿ ਭਵਿਖਤ ਸਾਖੀ ਵਿਚ ਲਿਖਿਆ ਹੈ:-

ਜਾਮੇ ਧਾਰੇ ਦਸ ਗੁਰੂ, ਨਵ ਸਉ ਕਲਾ ਸੁ ਧਾਰ।
ਰੂਪ ਤ ਗਿਆਰਵਾਂ ਪੇਲਸੀ ਹੋਇ ਤੁ ਪਾਵੇ ਪਾਰ।

ਜਨਮ ਸਾਖੀ ਗੁਰੂ ਨਾਨਕ ਦੇ ਕਥਨ ਅਨੁਸਾਰ ਗਿਆਰਵਾਂ ਜਾਮਾ ਧਾਰਨ ਕਰੋਗਾ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਾਮਾ ਧਾਰਨ ਬਾਰੇ ਸੰਕੇਤ ਲਿਖੇ ਹਨ:-

ਫੇਰ ਗਿਆਰਵੀਂ ਹਮ ਚਲ ਆਏ
ਤਿਸ ਤੇ ਹੋਇ ਕੁ ਦਸਮ ਨਿਧ ਆਏ
ਪੰਥ ਖਾਲਸਾ ਖੇਤੀ ਸੋਧੀ
ਨਵੀਂ ਸਿਖਾਵਨ ਸੇ ਤਿਸ ਬੋਧੀ।

ਗੁਰੂ ਨਾਨਕ ਦੀ ਗਲ ਕਹੀ ਪੋਥੀਆਂ ਦੀ ਰੂਪਤ ਵਿਚ ਕੇ ਸੰਭਾਲ ਕੀਤੀ ਤੇ ਸਿਖੀ ਉਪਦੇਸ਼ ਕਰਦੇ ਰਹੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਗਿਆਨੀ ਗਿਆਨ ਸਿੰਘ ਨੇ 1872 ਮਾਘ ਸੁਦੀ ਪੰਚਮੀ ਨੂੰ ਬਸੰਤ ਵਾਲੇ ਦਿਨ ਜਿਲਾ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ ਭੈਣੀ ਪਿਤਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਜੀ ਦੇ ਗ੍ਰਹਿ ਹੋਇਆ। ਜਿਸ ਕੀਤਾ ਹੈ, ਬਚਪਨ ਨਿਰਾਲੇ ਰੰਗਾਂ ਵਿਚ ਬਿਤਾਇਆ। ਜਦੋਂ ਆਪ ਜੁਆਨ ਅਵਸਥਾ ਵਿਚ ਹੋਏ ਤਾਂ ਆਪਣੇ ਭਣਵਈਏ ਸ: ਕਾਬਲ ਸਿੰਘ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨੌ ਨਿਹਾਲ ਰਜਮੈਂਟ ਵਿਚ ਭਰਤੀ ਹੋ ਗਏ। ਇਥੇ ਆਪ ਨੇ ਇਤਨੀ ਬੰਦਗੀ ਕੀਤੀ ਕਿ ਇਸ ਰਜਮੈਂਟ ਦਾ ਨਾਂ ਭਗਤਾਂ

ਜਾਣੀ ਪਛਾਣੀ ਹੋ ਗਿਆ। ਸੰਨ 1841 ਨੂੰ ਆਪ ਦਾ ਪਲਟਣ ਵਿਚੋਂ ਸਰਕਾਰੀ ਕੰਮ ਵਾਸਤੇ ਫਿਰੋਜ਼ਪੁਰ ਨੂੰ ਜਾ ਰਹੇ ਸੀ। ਰਸਤੇ ਵਿਚ ਹਜ਼ਰੋ ਸ਼ਹਿਰ ਵਿਚ ਸਤਿਗੁਰੂ ਬਾਲਕ ਸਿੰਘ ਜੀ ਇਸ ਪਲਟਨ ਨੂੰ ਤਾੜ ਰਹੇ ਸਨ। ਆਪ ਦੇ ਦਰਸ਼ਨਾਂ ਵਾਸਤੇ ਗਏ ਤਾਂ ਗੁਰੂ ਬਾਲਕ ਸਿੰਘ ਜੀ ਨੇ ਆਪਣਾ ਅਧਿਕਾਰੀ ਜਾਣ ਕੇ ਸਤਿਕਾਰ ਕੀਤਾ। ਜਿਵੇਂ ਕਿ ਅਨੰਤ ਗੁਰੂ ਗੋਬਿੰਦ ਸਿੰਘ ਜੀ ਕਹਿ ਗਏ ਸਨ ਕਿ ਮੈਂ ਬਾਰ੍ਹਵਾਂ ਜਾਮਾ ਧਾਰ ਕੇ ਪ੍ਰਗਟ ਹੋਵਾਂਗਾ। ਉਸਨੂੰ ਪੂਰਾ ਕਰਨ ਵਾਸਤੇ ਹੀ ਪੰਥ ਦੀ ਜ਼ਿੰਮੇਵਾਰੀ ਆਪ ਨੂੰ ਸੌਂਪ ਦਿੱਤੀ ਤੇ ਗੁਰਤਾ ਅਰਪਨ ਕੀਤੀ। ਭਵਿੱਖਤ ਸਾਖੀਆਂ ਪੰਨਾ 401:-

ਨਾਮਾ ਪਹਰੈ ਬਾਰਵਾਂ ਪ੍ਰਗਟ ਆਂਦ ਵਧਈਸ।
ਗੀਰਤ ਸਿੰਘੋ ਅਨੰਤ ਤਬ ਮਾਨੇ ਹੋਟ ਸਦੀਸ।
ਦੁਆਦਸ ਪ੍ਰਗਤ ਹੋ ਆਦਿ ਸੇ ਸਭ ਹਨ ਜੋ ਸਿਰਮੋਰ
ਮੁਕਤਿ ਅਨੰਤੀ ਆਇ ਹੈ ਆਇ ਦਿਓ ਨਹੀ ਔਰ।
ਜਾਹੀ ਰੂਪ ਤੇ ਪ੍ਰਗਟ ਹੋਇ ਤਾਂਹੀ ਰੂਪ ਲੋ ਨਾਮ।
ਪੁਨ ਦੁਆਦਸ ਗੁਰ ਹੋਇ ਕੇ ਸੇਵੀ ਹੈ ਪ੍ਰਨਾਮ।

ਇਸ ਤੋਂ ਬਾਅਦ ਆਪ ਸ੍ਰੀ ਭੈਣੀ ਸਾਹਿਬ ਆ ਕੇ ਰਹਿਣ ਲੱਗੇ। ਉਥੇ ਤਪ ਕੀਤਾ ਤੇ ਅਨੇਕਾਂ ਪ੍ਰਾਣੀ ਜੀਵਾਂ ਨੂੰ ਰੂਹਾਨੀ ਸੇਵਕ ਬਣਾਉਣ ਵਾਸਤੇ ਨਾਮ ਦੇਣਾ ਸ਼ੁਰੂ ਕੀਤਾ। ਸਿੱਖੀ ਦਾ ਪ੍ਰਚਾਰ ਤੇ ਭੁੱਲੇ ਭਟਕੇ ਲੋਕਾਂ ਨੂੰ ਜਨਮ ਮਰਨ ਦੇ ਚੱਕਰ ਤੋਂ ਕੱਢਣ ਵਾਸਤੇ ਭੇਜਿਆ ਹੈ। ਇਸ ਤੋਂ ਬਾਅਦ ਆਪ ਜੀ ਨੇ ਨਾਮੀ ਕਈ ਸਿੰਘ ਨੂੰ ਵਜ਼ੀਰ ਸਾਹਿਬ ਬਣਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਮੁਤਾਬਿਕ 1914 ਬਿ: ਨੂੰ ਅੰਮ੍ਰਿਤ ਛਕਾ ਕੇ ਰਸਮ ਖ਼ਾਲਸਾ ਪੰਥ ਦੀ ਮੁਕੰਮਲ ਤੇ ਖ਼ਤਮ ਹੋਈ ਮਰਯਾਦਾ ਨੂੰ ਜਾਰੀ ਕੀਤਾ। ਅੰਮ੍ਰਿਤ ਛਕਾ ਸਿੱਖੀ ਦਾ ਪ੍ਰਚਾਰ ਕੀਤਾ। ਸਿੱਖੀ ਸਿਖ ਸਾਜਿਆ ਜਿਸਦਾ ਨਾਮ ਸੰਤ ਖਾਲਸਾ ਤਥਾ ਨਾਮਧਾਰੀ ਪੰਥ ਰੱਖਿਆ। ਜੋ ਕਿ ਆਪ ਅਜ ਵੀ ਸਿੱਧੀ ਦਸਤਾਰ ਚਿੱਟੇ ਕੱਪੜੇ ਤੇ ਪਹਿਰਾਵੇ ਵਿਚ ਦੇਸ਼ ਭਰ ਰਹੇ ਹੈ।

ਆਪ ਜੀ ਨੇ ਭਗਤੀ ਮਾਰਗ ਦਾ ਉਪਦੇਸ਼ ਦੇਣ ਦੇ ਨਾਲ ਸੰਗਤ ਦਾ ਪ੍ਰਚਾਰ ਕੀਤਾ। ਵਿਆਹਾਂ, ਮੌਤਾਂ ਤੇ ਫਜ਼ੂਲ ਖਰਚ ਬੰਦ ਕੀਤਾ। ਕੁੜੀਮਾਰੀ ਦਾ ਪ੍ਰਚਾਰ ਤੇ ਸਤਿਕਾਰ ਕਰਨਾ ਦੱਸਿਆ, ਗਊ ਗਰੀਬ ਦੀ ਰੱਖਿਆ ਹੈ ਕਹੀ। ਪੰਜ ਅਸੂਲੀ ਤੇ ਬੇ-ਲੋੜੇ ਤੇ ਜਨਮ ਮਰਨ ਤੇ ਕਟਣ ਕਰਨ ਵਾਲੀ ਕੁਰਬਾਨੀ ਤੇ ਚੱਲਣ ਦਾ ਉਪਦੇਸ਼ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਤੇ ਸਿੱਖਾਂ ਦੀਆਂ ਮਹਾਨ ਕੁਰਬਾਨੀਆਂ ਦਾ ਫਲ ਅੰਗਰੇਜ਼ ਰਾਜ ਲਾਗੂ ਹੋ ਗਿਆ। ਸਿਖ ਰਾਜ ਦਾ ਖ਼ਾਤਮਾ ਹੋਣ ਜਿਸਦਾ ਫਲ ਹੋਇਆ ਅਸੀਂ ਅੰਗਰੇਜ਼ਾਂ ਦੇ ਗੁਲਾਮ ਹੋ ਗਏ। ਇਸ ਗੁਲਾਮੀ ਪੀੜਾਂ ਦੀ ਪਰਤ। ਅੰਗਰੇਜ਼ ਆਪਣੀ ਮਨਮਾਨੀ ਕਰਨ ਲੱਗਾ। ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਵਰਤਿਆ ਜਿਸਦਾ ਕਿ ਸਿੱਖਾਂ ਨੂੰ ਆਪਣੇ ਧਰਮ ਤੇ ਸਿੱਖੀ ਦਾ ਮਾਣ ਸੀ, ਉਸ ਦਾ ਖੋਹਣ ਕਰਨ ਵਾਸਤੇ ਕਿ ਸਿੱਖਾਂ ਵਿਚ ਧਰਮ ਦੀ ਲੋੜ ਘਟੇ ਹੈ ਕਿ ਨਹੀਂ ਸਭ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਗੁਰਦੁਆਰਾ ਸਾਹਿਬ ਕੋਲ ਗਊਆਂ ਨੂੰ ਮਾਰਨ ਵਾਸਤੇ ਬੁੱਚੜਖਾਨਾ ਖੋਲ੍ਹ ਦਿੱਤਾ। ਬਹੁਤ ਜਗ੍ਹਾ ਤੇ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਭੰਗ ਹੋਣ ਲੱਗੀ। ਹਰ ਰੋਜ਼ ਅਸਥਾਨਾਂ ਤੇ ਗਊ ਦਾ ਮਾਸ ਸੁਟੀਆਂ ਹੱਡੀਆਂ ਖਾਣੇ ਦਾ ਪ੍ਰਗਟ ਜਾਣ ਲੱਗਾ। ਜੋ ਲੋਕ ਹਿੰਦੂ ਸਿੱਖ ਜਾਂ ਦੇ ਫੌਜੀ ਕੁਝ ਕਰਦੇ ਉਹਨਾਂ ਨੂੰ ਮਾਰ ਕੇ ਕਈ ਤਰ੍ਹਾਂ ਦੇ ਦੁੱਖ ਦਿੱਤੇ ਜਾਂਦੇ।

ਜਦੋਂ ਇਹੋ ਜਿਹੇ ਲੋਕਾਂ ਦੀ ਦਸ਼ਾ ਦੇਖੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਨਿੱਕੇ ਜਿਹੇ ਪਿੰਡ ਵਿਚੋਂ ਆਵਾਜ਼ ਉਠਾਈ ਕਿ ਅੰਗਰੇਜ਼ ਹੋਰੇ ਲੋਕੋ ਇਸ ਗੁਲਾਮੀ ਦੇ ਜੀਵਨ ਨਾਲੋਂ ਮਾੜਾ ਮਰ ਜਾਣਾ ਹੀ ਚੰਗਾ ਹੈ। ਅੰਗਰੇਜ਼ ਹਕੂਮਤ ਦਾ ਮੁਕਾਬਲਾ ਕਰਨ ਵਾਸਤੇ ਨਾ-ਮਿਲਵਰਤਣ ਦੀ ਲਹਿਰ ਸ਼ੁਰੂ ਕੀਤੀ। ਅੰਗਰੇਜ਼ ਦੀ ਹਰ ਇਕ ਚੀਜ਼ ਦਾ ਬਾਈਕਾਟ ਕੀਤਾ। ਗੁਰੂ ਜੀ ਨੇ ਆਜ਼ਾਦੀ ਦੀ ਆਵਾਜ਼ ਨੂੰ ਬੁਲੰਦ ਕੀਤਾ। ਸਿੱਖੀ ਧਰਮ ਵਿਚ ਸੰਪੂਰਨ ਪੈਦਾ ਜਿਸਦਾ ਫਲ ਨਾਮਧਾਰੀ ਸਿੱਖਾਂ ਨੇ ਸ੍ਰੀ ਅੰਮ੍ਰਿਤਸਰ ਬੁੱਚੜ ਖਾਨੇ ਤੇ ਹਮਲਾ ਕੀਤਾ। ਕਸਾਈਆਂ ਨੂੰ ਮਾਰਿਆ ਗਿਆ ਤੇ ਬੁੱਚੜਾਂ ਨੂੰ ਮਾਰਿਆ। ਜਿਸਦੇ ਕਰਕੇ ਸਿੱਖਾਂ ਨੂੰ ਫਾਂਸੀ ਤੇ ਕਾਲੇ ਪਾਣੀ ਭੇਜਿਆ ਗਿਆ।

ਇਸ ਤੋਂ ਬਾਦ ਨਾਮਧਾਰੀ ਸਿੱਖਾਂ ਨੇ ਜੋ ਅੰਗਰੇਜ਼ ਸਰਕਾਰ ਦੇ ਹੇਠ ਬੁੱਚੜਖਾਨਾ ਸੀ ਉਤੇ ਹਮਲਾ ਕੀਤਾ। ਬੁੱਚੜਾਂ ਨੂੰ ਮਾਰ ਕੇ ਗਊਆਂ ਦੀ ਰਖਿਆ ਕੀਤੀ। ਅੰਗਰੇਜ਼ ਹਕੂਮਤ ਨੇ ਬੜੀ ਸਖਤ ਸਜ਼ਾ ਦੇਂਦੇ ਹੋਏ ਸਿੱਖਾਂ ਨੂੰ ਫਾਂਸੀ ਲਾਇਆ। ਇਸ ਅੰਦੋਲਨ ਨੂੰ ਦਬਾਉਣ ਦੇ ਬੜੇ ਯਤਨ ਕੀਤੇ ਪਰ ਸਫਲਤਾ ਨਾ ਮਿਲੀ ਜਦੋਂ ਤੇਜ਼ੀ ਨਾਲ ਨਾਮਧਾਰੀ ਸਿੱਖ ਅੰਦੋਲਨ ਤੇ ਜ਼ੋਰ ਫੜਦਾ, ਕੀਤਾ, ਸੁਹਿਰਦ ਵਿਚ ਲਹਿਰ ਲੈ ਆਂਦਾ। ਬੁੱਚੜ ਮਾਰ ਗਊਆਂ ਦੀ ਰਖਿਆ ਕੀਤੀ। ਅੰਗਰੇਜ਼ ਨੇ ਬਗੈਰ ਮੁਕਦਮਾ ਚਲਾਏ ਸਿੱਖਾਂ ਨੂੰ ਤੋਪਾਂ ਅੱਗੇ ਖੜਾ ਕੇ ਉਡਾ ਦਿਤਾ ਗਿਆ। ਇਸ ਸੀਨ ਨੂੰ ਵੇਖ ਕੇ ਹਾਹਾਕਾਰ ਮੱਚ ਗਈ। ਅੰਗਰੇਜ਼ ਨੂੰ ਇਹ ਜਾਪਦੇ ਕਿ ਜੇ ਕਦੇ ਭਾਰਤ ਭਰ ਜਾਏ ਆਜ਼ਾਦੀ ਦੀ ਕੂਕ ਨੂੰ ਦਬਾਉਣ ਵਾਸਤੇ ਕਿ ਇਹ ਲਹਿਰ ਤਦ ਹੀ ਖਤਮ ਹੋ ਸਕਦੀ ਹੈ ਜੇ ਇਸ ਲਹਿਰ ਦੇ ਮੋਢੀ ਨੂੰ ਖਤਮ ਕਰਾਇਆ ਜਾਵੇ। ਜਦੋਂ ਹੋਰ ਕੋਈ ਪੇਸ਼ ਨਾ ਗਈ ਤਾਂ ਅੰਗਰੇਜ਼ 18 ਜਨਵਰੀ 182 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੋਂ ਜਲਾਵਤਨ ਕੀਤਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਦਾ ਪ੍ਰਚਾਰ ਤੇ ਇਸ ਆਜ਼ਾਦੀ ਦੀ ਕੂਕ ਨੂੰ ਬੁਲੰਦ ਰੱਖਣ ਵਾਸਤੇ ਆਪਣੇ ਛੋਟੇ ਭਰਾ ਸ੍ਰੀ ਗੁਰੂ ਹਰੀ ਸਿੰਘ ਜੀ ਨੂੰ ਯਾਦ ਤੌਰ ਸੌਂਪ ਗਏ। ਇਸ ਸਮੇਂ ਦੌਰਾਨ ਹਕੂਮਤ ਨੇ ਵੀ ਖਤੇ ਅੰਗਰੇਜ਼ ਨੇ ਆਜ਼ਾਦੀ ਦੀ ਕੂਕ ਦੇ ਲੇਖਕ ਸ੍ਰੀ ਭੈਣੀ ਸਾਹਿਬ ਤੇ ਪੁਲੀਸ ਦੀ ਚੌਕੀ ਬਿਠਾ ਦਿਤੀ ਗਈ ਜੋ ਕਿ ਲਗ ਭਗ ਪੰਜਾਹ(50) ਸਾਲ ਰਹੀ। ਨਾਮਧਾਰੀ ਪੰਥ ਤਥਾ ਸਿੱਖਾਂ ਤੇ ਸਖ਼ਤੀਆਂ ਕਠਿਨਾਈਆਂ ਆਉਣ ਲਗੀਆਂ। ਗੁਰੂ ਸਾਹਿਬ ਦੇ ਦਰਸ਼ਨ ਕਰਨੇ ਮੁਸ਼ਕਲ ਹੋ ਗਏ। ਕੋਈ ਭਰਵਾਂ ਇਕੱਠ ਸਿੱਖਾਂ ਦਾ ਰਲ ਕੇ ਨਹੀਂ ਹੋ ਸੀ ਸਕਦਾ। ਗੁਰੂ ਜੀ ਦੇ ਪ੍ਰਚਾਰ ਕਰਨ ਤੇ ਪਾਬੰਦੀ ਲਾ ਦਿਤੀ ਗਈ। ਬੜਾ ਤਿਆਗਣਾ ਸਮਾਂ ਆਉਣ ਲਗਾ। ਗੁਰੂ ਜੀ ਵਲ ਜਬਰ ਦਾ ਸਬਰ ਨਾਲ ਮੁਕਾਬਲਾ ਕਰਦੇ ਰਹੇ। ਸਿੱਖੀ ਨੂੰ ਚੜ੍ਹਾ ਰੱਖਿਆ। ਸਤਿਗੁਰੂ ਹਰੀ ਸਿੰਘ ਜੀ ਦੇ ਮਹਾਨ ਸਾਰਾ ਜੀਵਨ ਸੇਵ ਜੀ ਦੀ ਰਹੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਰੰਭ ਕ ਹੋਇਆ। ਜਿਸਦੇ ਆਉਂਦੇ ਹੀ ਖੁਸ਼ੀਆਂ ਦੀ ਲਹਿਰ, ਲਗੀਆਂ ਪਾਬੰਦੀਆਂ ਤੇ ਪੁਲਸ ਦੀ ਚੌਕੀ ਚੁਕਾ ਦਿਤੀ ਗਈ। ਇਹਨਾਂ ਅਗੰਮੀ ਸਚਾਈ ਦਰਸਾਉਂਦੇ ਹੋਏ ਆਜ਼ਾਦੀ ਦੀ ਆਵਾਜ਼ 'ਦੇਸ਼ ਸਾਡਾ ਹੈ।' 'ਅੰਗਰੇਜ਼ੋ ਭਾਰਤ ਛੋੜ ਜਾਓ,, ਦਬਾਇਆ ਗਿਆ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਮ ਆਇਆ। ਇਸ ਚਲ ਰਹੀ ਲਹਿਰ ਨੂੰ ਹੋਰ ਉਭਾਰਿਆ ਗਿਆ। ਜਿਸ ਦੇ ਕਾਰਨ ਗਾਂਧੀ ਜੀ, ਜਵਾਹਰ ਲਾਲ ਨਹਿਰੂ ਆਦਿ ਬਣੇ। ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਤੋਂ ਪਹਿਲਾਂ 50 ਸਾਲ ਆਰੰਭ ਕੀਤਾ ਹੋਇਆ ਸੀ। ਜਿਸਦਾ ਨਤੀਜਾ ਕੀ ਨਿਕਲਿਆ ਕਿ 15 ਅਗਸਤ 1947 ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਹੋ ਗਏ। ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਧਾਰਨ ਦਾ ਕਾਰਨ ਹੀ ਅੰਗਰੇਜ਼ਾਂ ਨੂੰ ਹਿੰਦੁਸਤਾਨ ਚੋਂ ਬਾਹਰ ਕਢਣਾ ਤੇ ਸਿੱਖੀ ਦਾ ਪ੍ਰਚਾਰ ਕਰਨਾ ਸੀ। ਜੋ ਕਿ ਅੱਜ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਦ ਪ੍ਰੇਮ ਸਾਗਰ ਰਹਿਬਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਿਨ੍ਹਾਂ ਦੇ ਆਪ ਦਰਸ਼ਨ ਕਰ ਰਹੇ ਹੋ, ਜਿਨ੍ਹਾਂ ਨੇ ਕਿ ਬੜੇ ਨਾਲ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਸਿੱਖੀ ਫੁਲਵਾੜੀ ਹਰੀ ਭਰੀ ਹੈ। ਜੋ ਕਿ ਗੁਰਮਤ ਦਾ ਉਪਦੇਸ਼ ਦੇ ਸਿੱਖੀ ਮਰਯਾਦਾ ਨੂੰ ਕਾਇਮ ਰਖਣ ਵਿਚ ਤੱਤਪਰ ਹਨ। ਇਸ ਜੀਵਨ ਨੂੰ ਸਫਲ ਕਰਨ ਵਾਸਤੇ ਸਭ ਸਿੱਖ ਸੰਗਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਰਨ ਲੈ ਕੇ ਜੀਵਨ ਦੀਆਂ ਬੇਅੰਤ ਮੌਜਾਂ ਮਾਣ ਰਹੇ ਹਨ।

KARTAR SINGH & HARI SINGH (1974) LTD.












Steel Bus & Truck Body Manufacturers
FURNITURE MAKER & ELECTROPLATERS

Cables & Telegram/STEELBUS
P.O. Box 777
Dar es Salaam

Telephone 21060
TANZANIA





PARQUET BY MATHARU WOOD PRODUCTS LTD.

SUPPLYING · LAYING SANDING · REPAIRS POLISHING


Manufacturers of Special: Parquet Flooring, Wooden Strip Flooring, Furniture, Joinery, Interior Decorating, Wall Panelling, Wooden Partition and Finishing, Wooden Componets .... etc.

We also manufacture:- Prefabricated Timber House Unit, Office Units according to your requirements and designs

Telex: 4153

P. O. BOX 1850, 85 CHANG'OMBE ROAD,
TELEPHONE 64601-2 DAR ES SALAAM.

Factory: 42033, 42007


MATHARU
WOODWORKS
LIMITED
Telephene 63199
P.O. Box 2200
Dar es Salaam

POOLFLUX
LTD

WATER SUPPLY ENGINEERS

P.O. Box 39591 NAIROBI WESTLANDS ROAD MPAKA HSE TEL:

DESIGN CONSTRUCTION RENOVATION MAINT INSTALLATIONS

- surface piping
- water treatment plants
- water storage tanks
- filteration & booster system
- fountains
- spas
- saunas
- swimming pools and equipments.